Excellence in Agri Info
KHETI DUNIYAN, PATIALA
ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)
# ਖੇਤੀ ਦੁਨੀਆਂ
Rs.10/-
All Subject to Patiala Jurisdiction.
www.khetiduniyan.in
Editor : Jagpreet Singh • RNI/42269/83 • Issue Dated 11-05-2024 • Vol.42 No.19 • Ph. : 0175-2214575, 90410-14575 • Page : 16
E-mail : khetiduniyan1983@gmail.com

ਪੰਜਾਬ ਦੇ ਸਾਰੇ ਇਲਾਕਿਆਂ ਵਿਚ ਕਣਕ ਦੀ ਕਰਨਾਲ ਬੰਟ ਦੀ ਬਿਮਾਰੀ ਵੇਖਣ ਨੂੰ ਮਿਲਦੀ ਹੈ । ਨੀਮ ਪਹਾੜੀ ਅਤੇ ਦਰਿਆਵਾਂ ਦੇ ਨੇੜੇ ਲੱਗਦੇ ਇਲਾਕਿਆਂ ਵਿਚ ਇਸ ਦਾ ਹਮਲਾ ਜ਼ਿਆਦਾ ਪਾਇਆ ਜਾਂਦਾ ਹੈ ।



## ਅਗਲੇ ਸਾਲ ਵਾਸਤੇ ਕਣਕ ਦਾ ਕਰਨਾਲ ਬੰਟ ਮੁਕਤ ਬੀਜ ਹੀ ਚੁਣੋ

★ ਇਸ ਬਿਮਾਰੀ ਦਾ ਅਸਰ ਕਣਕ ਦੇ ਸਿੱਟੇ ਵਿੱਚ ਕੁਝ ਦਾਣਿਆਂ ਤੇ ਹੀ ਦਿਖਾਈ ਦਿੰਦਾ ਹੈ। ਬਿਮਾਰੀ ਨਾਲ ਪ੍ਰਭਾਵਿਤ ਦਾਣਿਆਂ ਨੂੰ ਹੱਥਾਂ ਨਾਲ ਮਸਲਿਆ ਜਾਵੇ ਤਾਂ ਉਨ੍ਹਾਂ ਵਿੱਚੋਂ ਕਾਲੇ ਰੰਗ ਦੀ ਉੱਲੀ ਦੇ ਕਣ ਬਾਹਰ ਨਿਕਲ ਆਉਂਦੇ ਹਨ, ਜਿਨ੍ਹਾਂ ਵਿੱਚੋਂ ਭੈੜੀ ਦੁਰਗੰਧ ਆਉਂਦੀ ਹੈ ।

★ ਕਰਨਾਲ ਬੰਟ ਦੀ ਲਾਗ ਹਵਾ ਵਿਚ ਰਲੇ ਬਿਮਾਰੀ ਦੇ ਕਣਾਂ ਰਾਹੀਂ ਉਸ ਸਮੇਂ ਲਗਦੀ ਹੈ ਜਦੋਂ ਕਣਕ ਦੇ ਸਿੱਟੇ ਅਜੇ ਬਾਹਰ ਨਿਕਲਣੇ ਸ਼ੁਰੂ ਹੀ ਹੋਏ ਹੋਣ । ਉੱਲੀ ਦੇ ਜੀਵਾਣੂੰ ਖੇਤਾਂ ਵਿਚ 2-3 ਸਾਲ ਤੱਕ ਜਿਊਂਦੇ ਰਹਿੰਦੇ ਹਨ ਅਤੇ ਕਣਕ ਦੇ ਸਿੱਟੇ ਨਿਕਲਣ ਵੇਲੇ ਇਹ ਜੀਵਾਣੂੰ ਮਿੱਟੀ ਉੱਗ ਕੇ ਹਵਾ ਵਿਚ ਰਲ ਜਾਂਦੇ ਹਨ ਅਤੇ ਸਿੱਟਿਆਂ ਵਿਚ ਬਣ ਰਹੇ ਦਾਣਿਆਂ ਤੇ ਬਿਮਾਰੀ ਲਗਾ ਦਿੰਦੇ ਹਨ ।

★ ਬਿਮਾਰੀ ਨਾਲ ਪ੍ਰਭਾਵਿਤ ਫਸਲ ਤੋਂ ਰੱਖਿਆ ਅਗਲੇ ਸਾਲ ਫੇਰ ਕਰਨਾਲ ਬੰਟ ਨੂੰ ਫੈਲਾਉਣ ਦਾ ਕਾਰਨ ਬਣਦਾ ਹੈ । ਇਸ ਤਰ੍ਹਾਂ ਬਿਮਾਰੀ ਦਾ ਜੀਵਨ ਚੱਕਰ ਚੱਲਦਾ ਰਹਿੰਦਾ ਹੈ ।

★ ਕਿਸਾਨ ਭਰਾਵੋ ! ਇਹ ਸਮਾਂ ਕਣਕ ਦੇ ਬੀਜ ਨੂੰ ਪਰਖ ਕੇ ਅਗਲੇ ਸਾਲ ਦੀ ਬਿਜਾਈ ਵਾਸਤੇ ਸੰਭਾਲਣ ਲਈ ਬਹੁਤ ਢੁੱਕਵਾਂ ਹੈ । ਇਸ ਲਈ ਬੀਜ ਵਿਚ ਕਰਨਾਲ ਬੰਟ ਬਿਮਾਰੀ ਦੀ ਪਰਖ ਕਰਨਾ ਬਹੁਤ ਜ਼ਰੂਰੀ ਹੈ ਤਾਂ ਜੋ ਤੁਹਾਨੂੰ ਸਮੇਂ ਸਿਰ ਪਤਾ ਲੱਗ ਸਕੇ ਕਿ ਤੁਹਾਡਾ ਕਰਨਾਲ ਬੰਟ ਬਿਮਾਰੀ ਤੋਂ ਮੁਕਤ ਹੈ ਜਾਂ ਨਹੀਂ ।

★ ਬੀਜ ਦੀ ਪਰਖ ਕਰਨ ਲਈ ਦੋ ਮੁੱਠਾਂ ਕਣਕ ਦੇ ਦਾਣਿਆਂ ਨੂੰ ਪਾਣੀ ਵਿਚ ਭਿਉਂ ਕੇ ਚਿੱਟੇ ਕਾਗਜ਼ ਉੱਤੇ ਖਿਲਾਰ ਲਵੋ । ਇਸ ਬੀਜ ਵਿਚ ਕਰਨਾਲ ਬੰਟ ਨਾਲ ਪ੍ਰਭਾਵਿਤ 4-5 ਦਾਣੇ ਦਿਖਾਈ ਦੇਣ ਤਾਂ ਅਜਿਹਾ ਬੀਜ ਤੁਹਾਨੂੰ ਅਗਲੇ ਸਾਲ ਕਣਕ ਦੀ ਬਿਜਾਈ ਵਾਸਤੇ ਨਹੀਂ ਵਰਤਣਾ ਚਾਹੀਦਾ ।

★ ਅਗਲੇ ਸਾਲ ਲਈ ਤੁਹਾਨੂੰ ਕਣਕ ਦਾ ਕਰਨਾਲ ਬੰਦ ਮੁਕਤ ਨਵਾਂ ਬੀਜ ਖਰੀਦਣ ਦੀ ਜ਼ੂਰਰਤ ਪਵੇਗੀ । ਪਰ ਜੇਕਰ ਪਰਖ ਦੌਰਾਨ ਤੁਹਾਡਾ ਬੀਜ ਕਰਨਾਲ ਬੰਦ ਤੋਂ ਮੁਕਤ ਪਾਇਆ ਜਾਵੇ ਤਾਂ ਇਸ ਬੀਜ ਨੂੰ ਅਗਲੇ ਸਾਲ ਲਈ ਸੰਭਾਲ ਕੇ ਰੱਖ ਲੈਣਾ ਚਾਹੀਦਾ ਹੈ ।

**ਅਮਰਜੀਤ ਸਿੰਘ ਅਤੇ ਪਰਮਿੰਦਰ ਸਿੰਘ,**
**ਪੌਦਾ ਰੋਗ ਵਿਗਿਆਨ ਵਿਭਾਗ,**
**ਮੋਬਾਇਲ** : 94630-47280

## ਨਰਮੇ ਦੀ ਫਸਲ ਨੂੰ ਸੰਭਾਲਣਾ ਬਹੁਤ ਜ਼ਰੂਰੀ



**ਪੰਜਾਬ ਦੇ ਨਿਰੋਲ ਬੀਜੇ ਰਕਬੇ ਦਾ ਤਕਰੀਬਨ 75 ਪ੍ਰਤੀਸ਼ਤ ਹਿੱਸਾ ਝੋਨੇ ਦੀ ਫਸਲ ਹੇਠ ਆ ਚੁੱਕਾ ਹੈ । ਜਿਸ ਨਾਲ ਰਾਜ ਦੀ ਪ੍ਰਚਲਿਤ ਨਰਮਾ ਪੱਟੀ ਨੂੰ ਵੀ ਆਪਣਾ ਰੁਤਬਾ ਖੁਸਦਾ ਨਜ਼ਰ ਆ ਰਿਹਾ ਹੈ । ਨਰਮਾ ਪੱਟੀ ਦੇ ਕਈ ਕਿਸਾਨ ਧਰਤੀ ਹੇਠਲੇ ਬੇਹੱਦ ਮਾੜੇ ਪਾਣੀ ਨਾਲ ਵੀ ਝੋਨੇ/ਬਾਸਮਤੀ ਦੀ ਕਾਸ਼ਤ ਕਰਨ ਲੱਗ ਗਏ ਹਨ ਜੋ ਕਿ ਇੱਕ ਬਹੁਤ ਹੀ ਮਾਰੂ ਰੁਝਾਨ ਹੈ ਕਿਉਂਕਿ ਇਸ ਨਾਲ ਜ਼ਮੀਨਾਂ ਵਿਚ ਕੱਲਰ ਦੀ ਸੰਭਾਵਨਾ ਵੱਧ ਜਾਂਦੀ ਹੈ । ਜੇ ਇਹ ਰੁਝਾਨ ਨਾ ਰੁਕਿਆ ਤਾਂ ਸਾਡੀਆਂ ਜ਼ਮੀਨਾਂ ਕਣਕ ਦੀ ਕਾਸ਼ਤ ਦੇ ਕਾਬਲ ਵੀ ਨਹੀਂ ਰਹਿਣੀਆਂ ।**

★ ਪਿਛਲੇ ਕੁਝ ਕੁ ਸਾਲਾਂ ਤੋਂ ਚਿੱਟੀ ਮੱਖੀ ਅਤੇ ਗੁਲਾਬੀ ਸੁੰਡੀ ਨੇ ਨਰਮੇ ਦੀ ਫਸਲ ਤੇ ਸਵਾਲੀਆ ਚਿੰਨ੍ਹ ਲਾ ਦਿੱਤਾ ਹੈ ਪਰ ਹਾਲੇ ਵੀ ਦੱਖਣੀ-ਪੱਛਮੀ ਪੰਜਾਬ ਵਿਚ ਹਾਲਾਤਾਂ ਅਤੇ ਮੌਜੂਦਾ ਖੇਤੀ ਢਾਂਚੇ ਅਨੁਸਾਰ ਨਰਮੇ ਦੀ ਫਸਲ ਹੀ ਝੋਨੇ ਦਾ ਸਭ ਤੋਂ ਵਧੀਆ ਬਦਲ ਹੈ ।

★ ਗੁਣਵੱਤਾ ਪੱਖੋਂ ਪੰਜਾਬ ਵਿਚ ਪੈਦਾ ਹੋਈ ਰੂੰ ਉਚੇ ਦਰਜੇ ਦੀ ਹੈ ਜਿਸਦੀ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਮੰਡੀ ਵਿਚ ਬਹੁਤ ਮੰਗ ਹੈ । ਸਾਲ 2017-18 ਵਿਚ ਪੰਜਾਬ ਵਿਚ ਨਰਮੇ ਦਾ ਪ੍ਰਤੀ ਹੈਕਟੇਅਰ ਝਾੜ (ਰੂੰ ਦੇ ਰੂਪ ਵਿਚ) 750 ਕਿਲੋਗ੍ਰਾਮ, 2018-19 ਵਿਚ 776 ਕਿਲੋਗ੍ਰਾਮ ਅਤੇ 2019-20 ਵਿਚ 827 ਕਿਲੋਗ੍ਰਾਮ ਤੇ ਜਾ ਪਹੁੰਚਿਆ ਜੋ ਕਿ ਹੁਣ ਤੱਕ ਦਾ ਰਿਕਾਰਡ ਝਾੜ ਸੀ ।

★ ਝੋਨੇ/ਬਾਸਮਤੀ ਲਈ 18-30 ਪਾਣੀਆਂ ਦੇ ਮੁਕਾਬਲੇ ਨਰਮੇ ਦੀ ਫਸਲ ਸਿਰਫ 4-6 ਪਾਣੀਆਂ ਨਾਲ ਪਲ ਜਾਂਦੀ ਹੈ । ਪੀ. ਏ. ਯੂ. ਦੀਆਂ ਸਿਫਾਰਿਸ਼ਾਂ ਮੁਤਾਬਿਕ ਕੀਤੀ ਕਾਸ਼ਤ ਨਾਲ ਨਰਮੇ ਦੀ ਫਸਲ ਤੋਂ ਲਗਭਗ 40-41 ਹਜ਼ਾਰ ਰੁਪਏ ਪ੍ਰਤੀ ਏਕੜ ਅਤੇ ਝੋਨੇ/ਬਾਸਮਤੀ ਤੋਂ 40-43 ਹਜ਼ਾਰ ਰੁਪਏ ਪ੍ਰਤੀ ਏਕੜ ਬੱਚਤ ਹੋਣ ਦੀ ਸੰਭਾਵਨਾ ਹੁੰਦੀ ਹੈ ।

★ ਇਸ ਤੋਂ ਇਲਾਵਾ ਨਰਮੇ ਦਾ ਘੱਟੋ ਘੱਟ ਸਮਰਥਨ ਮੁੱਲ ਸਰਕਾਰ ਵਲੋਂ ਨਿਰਧਾਰਿਤ ਕੀਤਾ ਜਾਂਦਾ ਹੈ ਪਰ ਬਾਸਮਤੀ ਦਾ ਨਹੀਂ । ਬਾਸਮਤੀ ਦੀਆਂ ਕੀਮਤਾਂ ਹਮੇਸ਼ਾ ਅਨਿਸ਼ਚਿਤ ਰਹਿੰਦੀਆਂ ਹਨ ਕਿਉਕਿ ਇਹ ਪ੍ਰਾਈਵੇਟ ਖਰੀਦਦਾਰਾਂ ਦੇ ਹੱਥ ਹੁੰਦੀਆਂ ਹਨ ।

★ ਪਿਛਲੇ ਦਹਾਕੇ ਵਿਚ ਬਾਸਮਤੀ ਦੀ ਮੰਡੀ ਵਿਚ ਕੀਮਤ 1200 ਰੁਪਏ ਤੋਂ ਲੈ ਕੇ 4500 ਰੁਪਏ ਪ੍ਰਤੀ ਕੁਇੰਟਲ ਤੱਕ ਰਹੀ ਹੈ । ਬਾਸਮਤੀ ਹੇਠ ਰਕਬਾ ਵਧਣ ਨਾਲ ਇਸ ਦੀਆਂ ਕੀਮਤਾਂ ਵਿੱਚ ਕਾਫੀ ਗਿਰਾਵਟ ਆ ਜਾਂਦੀ ਹੈ ਜਦੋਂ ਕਿ ਨਰਮੇ ਦਾ ਸਮਰਥਨ ਮੁੱਲ ਹਮੇਸ਼ਾ ਵਧਦਾ ਹੀ ਰਹਿੰਦਾ ਹੈ ।

★ ਬਾਹਰਲੇ ਮੁਲਕਾਂ ਵੱਲੋਂ ਬਾਸਮਤੀ ਦੀ ਫਸਲ ਉੱਪਰ ਵਰਤੇ ਜਾਂਦੇ ਉੱਲੀਨਾਸ਼ਕਾਂ ਦੀ ਰਹਿੰਦ-ਖੂੰਹਦ ਸੰਬੰਧੀ ਆਪਣਾਏ ਸਖਤ ਮਾਪ-ਦੰਡਾਂ ਨਾਲ ਇਸਦਾ ਨਿਰਯਾਤ ਪ੍ਰਭਾਵਿਤ ਹੁੰਦਾ ਹੈ ਜਿਸਦਾ ਸਿੱਧਾ ਅਸਰ ਬਾਸਮਤੀ ਦੇ ਭਾਅ ਤੇ ਪੈਂਦਾ ਹੈ ।

★ ਝੋਨੇ ਦੇ ਮੁਕਾਬਲੇ ਨਰਮੇ ਦੀ ਫਸਲ ਵਿਚ ਕਾਮਿਆਂ ਲਈ ਵੀ ਰੁਜ਼ਗਾਰ ਦੇ ਵਧੇਰੇ ਘੰਟੇ ਉਪਲਬਧ ਹੁੰਦੇ ਹਨ । ਝੋਨੇ/ਬਾਸਮਤੀ ਵਿਚ ਪ੍ਰਤੀ ਏਕੜ 110 ਤੋਂ 180 ਘੰਟੇ ਕੰਮ ਦੇ ਮੁਕਾਬਲੇ ਨਰਮੇ/ਕਪਾਹ ਵਿਚ 250 ਤੋਂ 400 ਘੰਟੇ ਤੱਕ ਕੰਮ ਮਜ਼ਦੂਰਾਂ ਨੂੰ ਮਿਲਦਾ ਹੈ ।

★ ਇੱਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਨਰਮੇ ਉੱਪਰ ਹੋਣ ਵਾਲੇ ਕੀਟਾਂ ਦੇ ਹਮਲੇ ਕਾਰਨ ਕਈ ਵਾਰ ਕਿਸਾਨਾਂ ਨੂੰ ਨੁਕਸਾਨ ਵੀ ਉਠਾਉਦਾ ਪੈਂਦਾ ਹੈ ।

★ ਪੰਜਾਬ ਦੀ ਨਰਮਾ ਪੱਟੀ ਵਿਚ ਧਰਤੀ ਹੇਠਲੇ ਮਾੜੇ ਪਾਣੀ ਨਾਲ ਬਾਸਮਤੀ ਉਗਾਉਣ ਨਾਲੋਂ ਨਹਿਰੀ ਪਾਣੀ ਨਾਲ ਨਰਮੇ ਦੀ ਫਸਲ ਲੈਣੀ ਇੱਕ ਵਧੀਆ ਕਦਮ ਹੋਵੇਗਾ । ਇਸ ਨਾਲ ਜ਼ਮੀਨ ਵੀ ਬੰਜਰ ਹੋਣ ਤੋ ਬਚ ਸਕੇਗੀ, ਰੁਜ਼ਗਾਰ ਦੇ ਵੱਧ ਮੌਕੇ ਵੀ ਮਿਲਣਗੇ ਅਤੇ ਖੇਤੀ ਵਿਭਿੰਨਤਾ ਵੱਲ ਕਦਮ ਵੀ ਵਧਣਗੇ ।

**ਜੀ. ਐੱਸ. ਰੋਮਾਣਾ ਅਤੇ ਰਾਜ ਕੁਮਾਰ,**
**ਇਕੋਨੋਮਿਕਸ ਐਂਡ ਸ਼ੋਸ਼ਿਆਲੋਜ਼ੀ ਵਿਭਾਗ,**
**ਮੋਬਾਇਲ** : 94630-22255



# ਪੰਜਾਬ ਲਈ ਵਰਦਾਨ ਨੇ ਪੀ.ਆਰ.-126 ਅਤੇ ਪੀ.ਆਰ.-131 ਝੋਨੇ ਦੀਆਂ ਕਿਸਮਾਂ

ਡਾ. ਐਸ. ਐਸ ਗੋਸਲ, ਏ. ਐੱਸ ਢੱਟ, ਜੀ. ਐੱਸ. ਮਾਂਗਟ ਅਤੇ ਬੂਟਾ ਸਿੰਘ ਢਿੱਲੋਂ

ਘੱਟ ਸਮੇਂ ’ਚ ਵੱਧ ਝਾੜ ਦੇਣ ਵਾਲੀਆਂ ਕਿਸਮਾਂ ਪੀ. ਆਰ-126 ਅਤੇ ਪੀ.ਆਰ-131, ਜੋ ਕਿ ਕ੍ਰਮਵਾਰ 2017 ਅਤੇ 2022 ’ਚ ਜਾਰੀ ਕੀਤੀਆਂ, ਲੰਮੀ ਮਿਆਦ ਵਾਲੀਆਂ ਕਿਸਮਾਂ ਪੂਸਾ-44, ਪੀਲੀ ਪੂਸਾ ਅਤੇ ਪੀ. ਆਰ-118) ਨਾਲੋਂ ਲਗਭਗ 3-4 ਹਫਤੇ ਘੱਟ ਲੈਂਦੀਆਂ ਹਨ । ਘੱਟ ਸਮੇਂ ’ਚ ਪੱਕਣ ਕਰਕੇ ਇਹ ਕਿਸਮਾਂ ਕੀੜੇ-ਮਕੌੜੇ/ਬਿਮਾਰੀਆਂ ਅਤੇ ਮੌਸਮੀ ਤਬਦੀਲੀਆਂ ਆਦਿ ਦੇ ਅਸਰ ਤੋਂ ਵੀ ਬਚ ਜਾਂਦੀਆਂ ਹਨ । ਇਨ੍ਹਾਂ ਕਿਸਮਾਂ ਦੀ ਪਰਾਲੀ ਘੱਟ ਹੋਣ ਕਾਰਨ, ਇਸ ਤੋਂ ਉਪਰੰਤ ਹਾੜੀ ਦੀਆਂ ਫਸਲਾਂ ਦੀ ਬਿਜਾਈ ਵੀ ਸੌਖੀ ਅਤੇ ਸਮੇਂ ਸਿਰ ਹੋ ਜਾਂਦੀ ਹੈ ਅਤੇ ਇਸ ਲਈ ਕਣਕ ’ਚ ਨਦੀਨਾਂ ਦੀ ਸਮੱਸਿਆ ਵੀ ਘੱਟ ਹੁੰਦੀ ਹੈ ।

ਪੰਜਾਬ ‘ਚ 30.0 ਲੱਖ ਹੈਕਟੇਅਰ ਤੋਂ ਵੱਧ ਦੇ ਰਕਬੇ ‘ਚ ਝੋਨੇ ਦੀ ਕਾਸ਼ਤ ਕੀਤੀ ਜਾ ਰਹੀ ਹੈ ਮੁਲਕ ‘ਚ ਸਭ ਤੋਂ ਵੱਧ ਉਤਪਾਦਕਤਾ ਵਾਲਾ ਇਹ ਸੂਬਾ ਹਰ ਸਾਲ ਕੇਂਦਰੀ ਪੂਲ ‘ਚ 20 ਫੀਸਦੀ ਤੋਂ ਵੱਧ ਝੋਨੇ ਦਾ ਯੋਗਦਾਨ ਪਾਉਂਦਾ ਹੈ ਅਤੇ ਦੇਸ਼ ਦੀ ਖੁਰਾਕ ਸੁਰੱਖਿਆ ‘ਚ ਮੁੱਖ ਭੂਮਿਕਾ ਨਿਭਾਅ ਰਿਹਾ ਹੈ । ਪਾਣੀ ਵੀ ਵੱਧ ਵਰਤੋਂ ਹੋਣ ਕਰਕੇ ਝੋਨੇ ਦੀ ਕਾਸ਼ਤ ਸੂਬੇ ਦੇ ਉਪਲਬਧ ਜਲ ਸਰੋਤਾਂ ਲਈ ਗੰਭੀਰ ਖਤਰਾ ਪੈਦਾ ਕਰਦੀ ਹੈ । ਪੰਜਾਬ ‘ਚ ਧਰਤੀ ਹੇਠਲੇ ਪਾਣੀ ਦਾ ਪੱਧਰ ਬਹੁਤ ਤੇਜ਼ੀ ਨਾਲ ਹੇਠਾਂ ਜਾ ਰਿਹਾ ਹੈ ਅਤੇ ਪੰਜਾਬ ਦੇ ਲਗਭਗ 80 ਫੀਸਦੀ ਰਕਬੇ ‘ਚੋਂ ਲੋੜ ਤੋਂ ਵੱਧ ਪਾਣੀ ਧਰਤੀ ਹੇਠਾਂ ਤੋਂ ਕੱਢਿਆ ਜਾ ਰਿਹਾ ਹੈ । ਝੋਨੇ ਦੀਆਂ ਲੰਮਾ ਸਮਾਂ ਲੈਣ ਵਾਲੀਆਂ ਕਿਸਮਾਂ ਦੀ ਅਗੇਤੀ ਲੁਆਈ ਨੂੰ ਸੂਬੇ ‘ਚ ਪਾਣੀ ਦਾ ਪੱਧਰ ਡਿੱਗਣ ਦਾ ਇਕ ਵੱਡਾ ਕਾਰਨ ਮੰਨਿਆ ਜਾਂਦਾ ਹੈ । 2009 ‘ਚ ‘ਪੰਜਾਬ ਪ੍ਰੀਜ਼ਰਵੇਸ਼ਨ ਆਫ ਸਬ-ਸੋਇਲ ਵਾਟਰ ਐਕਟ‘ ਦੇ ਲਾਗੂ ਹੋਣ ਦੇ ਨਤੀਜੇ ਵਜੋਂ 2008-2014 ਦੌਰਾਨ ਭੂਮੀਗਤ ਪਾਣੀ ਦੀ ਗਿਰਾਵਟ ਘਟ ਦੇ 50 ਸੈਂਟੀਮੀਟਰ ਪ੍ਰਤੀ ਸਾਲ ਰਹਿ ਗਈ, ਜੋ ਕਿ ਸਾਲ 2000-2008 ਦੌਰਾਨ 85 ਸੈਂਟੀਮੀਟਰ ਸਾਲਾਨਾ ਸੀ । ਮੁਲਕ ਦੀਆਂ ਅਨਾਜ ਲੋੜਾਂ ਦੀ ਪੂਰਤੀ ਅਤੇ ਕੁਦਰਤੀ ਸਰੋਤਾਂ ਦੀ ਸੂਝ-ਬੂਝ ਨਾਲ ਵਰਤੋਂ ਕਰਨ ਦੇ ਸੰਦਰਭ ‘ਚ ਘੱਟ ਪਾਣੀ ਅਤੇ ਘੱਟ ਖਰਚੇ ਨਾਲ ਜ਼ਿਆਦਾ ਝਾੜ ਦੇਣ ਵਾਲੀਆਂ ਤਕਨੀਕਾਂ ਨੂੰ ਅਪਣਾਉਣ ਦੀ ਲੋੜ ਹੈ । ਅਜਿਹੀਆਂ ਤਕਨੀਕਾਂ ਤਹਿਤ ਘੱਟ ਸਮੇਂ ‘ਚ ਪੱਕਣ ਵਾਲੀਆਂ ਕਿਸਮਾਂ (ਜਿਵੇਂ ਕਿ ਪੀ. ਆਰ.-126, ਪੀ. ਆਰ.-131 ਆਦਿ) ਅਤੇ ਉਨ੍ਹਾਂ ਲਈ ਸਿਫਾਰਿਸ਼ ਕਾਸ਼ਤਕਾਰੀ ਢੰਗਾਂ ਦੀ ਇੰਨ-ਬਿੰਨ ਪਾਲਣਾ ਅਹਿਮ ਯੋਗਦਾਨ ਪਾ ਸਕਦੀਆਂ ਹਨ । ਸੰਨ 2013 ਤੋਂ 2022 ਤੱਕ ਪੀ.ਏ.ਯੂ., ਲੁਧਿਆਣਾ ਨੇ ਪਰਮਲ ਝੋਨੇ ਦੀਆਂ 11 ਕਿਸਮਾਂ ਦੀ ਸਿਫਾਰਸ਼ ਕੀਤੀ ਹੈ, ਜਿਨ੍ਹਾਂ ‘ਚ ਪੀ. ਆਰ.-121, ਪੀ. ਆਰ.-122, ਪੀ.ਆਰ. 126, ਪੀ. ਆਰ.-128 ਅਤੇ ਪੀ. ਆਰ.-131 ਪ੍ਰਮੁੱਖ ਹਨ । ਸਾਉਣੀ 2012 ਦੌਰਾਨ ਗੈਰ-ਬਾਸਮਤੀ ਸ਼੍ਰੇਣੀ ‘ਚ 30.0 ਪ੍ਰਤੀਸ਼ਤ ਰਕਬਾ ਲੰਬੀ ਮਿਆਦ ਦੀਆਂ ਕਿਸਮਾਂ ਜਿਵੇਂ ਕਿ ਪੂਸਾ-44, ਪੀ. ਆਰ.-118 ਆਦਿ) ਅਧੀਨ ਸੀ, ਜਦਕਿ ‘ਪੀ. ਆਰ.‘ ਕਿਸਮਾਂ ਅਧੀਨ 33 ਫੀਸਦੀ ਰਕਬਾ ਸੀ । ਘੱਟ ਸਮੇਂ ਦੀ ਮਿਆਦ, ਜ਼ਿਆਦਾ ਝਾੜ, ਰੋਗ ਰੋਧਕ ਅਤੇ ਬਿਹਤਰ ਮਿਲਿੰਗ ਗੁਣਵੱਤਾ ਵਾਲੀਆਂ ਪੀ.ਆਰ. ਕਿਸਮਾਂ ਜਿਵੇਂ ਕਿ ਪੀ. ਆਰ. 121, ਪੀ. ਆਰ. 126, ਪੀ. ਆਰ. 128, ਅਤੇ ਪੀ. ਆਰ.-131 ਦੇ ਜਾਰੀ ਹੋਣ ਕਾਰਨ ਸੰਨ 2023 ਦੌਰਾਨ ਘੱਟ ਤੋਂ ਦਰਮਿਆਨੀ ਮਿਆਦ ਵਾਲੀਆਂ ਕਿਸਮਾਂ ਦਾ ਰਕਬਾ ਵਧ ਕੇ 70 ਫੀਸਦੀ ਹੋ ਗਿਆ । ਸੰਨ 2023 ਦੌਰਾਨ ਪੀ.ਆਰ. 126 ਸਭ ਤੋਂ ਹਰਮਨ ਪਿਆਰੀ ਕਿਸਮ ਰਹੀ, ਜੋ ਕਿ ਲਗਭਗ 33 ਫੀਸਦੀ ਰਕਬੇ ਉੱਪਰ ਬੀਜੀ ਗਈ । ਮੌਜੂਦਾ ਸੀਜ਼ਨ ਦੌਰਾਨ ਪੀ.ਆਰ. 126 ਅਤੇ ਪੀ.ਆਰ. 131 ਕਿਸਮਾਂ ਲਈ ਮੁੱਖ ਆਕਰਸ਼ਨ ਹਨ, ਇਹ ਬੀਜਣ ਤੋਂ ਬਾਅਦ ਕ੍ਰਮਵਾਰ 93 ਅਤੇ 110 ਦਿਨਾਂ ‘ਚ ਪੱਕ ਜਾਂਦੀਆਂ ਹਨ । ਨਵੀਆਂ ਵਿਕਸਤ ਕਿਸਮਾਂ ਦੀ ਵੱਧ ਉਤਪਾਦਕਤਾ ਲਈ ਮੇਲ ਖਾਂਦੀਆਂ ਉਤਪਾਦਨ ਤਕਨੀਕਾਂ (ਲੁਆਈ ਵੇਲੇ ਪਨੀਰੀ ਦੀ ਸਹੀ ਉਮਰ, ਖਾਦ ਦੀ ਵਰਤੋਂ ਦੀ ਸਮਾਂ-ਸਾਰਣੀ ਅਤੇ ਲੁਆਈ ਦੀ ਮਿੱਟੀ) ਨੂੰ ਵੀ ਵਿਕਸਤ ਕੀਤਾ ਗਿਆ ਹੈ । ਇਨ੍ਹਾਂ ਕਿਸਮਾਂ (ਪੀ. ਆਰ.-126, ਪੀ. ਆਰ.-131) ਦੀ ਲੁਆਈ ਦੇ ਸਮੇਂ ਦਾ ਸਿੰਚਾਈ ਵਾਲੇ ਪਾਣੀ ‘ਤੇ ਅਸਰ ਸੰਬੰਧੀ ਤਜਰਬਿਆਂ ਦੇ ਉਤਸ਼ਾਹਜਨਕ ਨਤੀਜੇ ਮਿਲੇ ਹਨ ਅਤੇ ਮੱਧਮ ਮਿਆਦ ਵਾਲੀਆਂ ਕਿਸਮਾਂ ਦੀ 15 ਜੂਨ ਤੋਂ ਬਾਅਦ ਲੁਆਈ ਕਰਨ ਨਾਲ ਸਿੰਚਾਈ ਵਾਲੇ ਪਾਣੀ ‘ਚ ਮਹੱਤਵਪੂਰਨ ਬੱਚਤ ਹੁੰਦੀ ਹੈ । ਘੱਟ ਤੋਂ ਦਰਮਿਆਨਾ ਸਮਾਂ ਅਤੇ ਲੰਮਾ ਸਮਾਂ (ਪੂਸਾ-44) ਲੈਣ ਵਾਲੀਆਂ ਕਿਸਮਾਂ ਦੇ ਵਿਚਕਾਰ ਅੰਕੜਿਆਂ ਦੀ ਤੁਲਨਾ ਨੇ ਕ੍ਰਮਵਾਰ 9 ਸਿੰਚਾਈਆਂ (35 ਸੈਂਟੀਮੀਟਰ) ਅਤੇ 5 ਸਿੰਚਾਈਆਂ (20 ਸੈਂਟੀਮੀਟਰ) ਦੇ ਬਰਾਬਰ ਪਾਣੀ ਦੀ ਬੱਚਤ ਦਰਸਾਈ ।




‘ਪੀ. ਆਰ‘ ਕਿਸਮਾਂ ਹੇਠ ਰਕਬਾ ਵਧਣ ਕਾਰਨ ਪੰਜਾਬ ‘ਚ ਪਿਛਲੇ ਸਾਲਾਂ ਦੌਰਾਨ ਝੋਨੇ ਦੀ ਭਰਪੂਰ ਪੈਦਾਵਾਰ ਹੋਈ ਹੈ । ਸਾਉਣੀ 2023 ਦੇ ਦੌਰਾਨ ਪੰਜਾਬ ਨੇ 6744 ਕਿਲੋਗ੍ਰਾਮ /ਹੈਕਟੇਅਰ ਦਾ ਸਭ ਤੋਂ ਵੱਧ ਝੋਨੇ ਦੀ ਉਤਪਾਦਕਤਾ ਦਾ ਪੱਧਰ ਦਰਜ ਕੀਤਾ ਹੈ । ਇਹ ਪਿਛਲੇ ਅੰਕੜਿਆਂ ਨੂੰ ਪਛਾੜਦਾ ਹੈ, ਜੋ ਕਿ 2020 ਦੌਰਾਨ 6543 ਕਿਲੋਗ੍ਰਾਮ/ਹੈਕਟੇਅਰ ਸੀ । ਪਿਛਲੇ ਪੰਜ ਸਾਲਾਂ (2014-17, 2023) ‘ਚ ਘੱਟ ਬਾਰਿਸ਼ ਦੇ ਬਾਵਜੂਦ, ਮੱਧਮ ਤੋਂ ਦਰਮਿਆਨਾ ਸਮਾਂ ਲੈਣ ਵਾਲੀਆਂ ਕਿਸਮਾਂ ਦੀ 20-55 ਜੂਨ -10 ਜੁਲਾਈ ਦੇ ਆਸਪਾਸ ਲੁਆਈ ਕਰਨਾ ਉਤਪਾਦਕਤਾ ਅਤੇ ਪਾਣੀ ਦੀ ਬੱਚਤ ਦੇ ਲਿਹਾਜ਼ ਨਾਲ ਇਕ ਵਧੀਆ ਬਦਲ ਹੋਵੇਗਾ । ਇਨ੍ਹਾਂ ਤਰੀਕਾਂ ‘ਤੇ ਲੁਆਈ ਕਰਨ ਨਾਲ ਝੋਨੇ ਦੀ ਕਟਾਈ ਅਤੇ ਹਾੜ੍ਹੀ ਦੀਆਂ ਅਗਲੀਆਂ ਫਸਲਾਂ ਦੀ ਬਿਜਾਈ ਦੇ ਵਿਚਕਾਰ ਕਾਫੀ ਸਮਾਂ ਵੀ ਮਿਲ ਜਾਂਦਾ ਹੈ । ਘੱਟ ਸਮੇਂ ‘ਚ ਵੱਧ ਝਾੜ ਦੇਣ ਵਾਲੀਆਂ ਕਿਸਮਾਂ ਪੀ. ਆਰ-126 ਅਤੇ ਪੀ.ਆਰ-131, ਜੋ ਕਿ ਕ੍ਰਮਵਾਰ 2017 ਅਤੇ 2022 ‘ਚ ਜਾਰੀ ਕੀਤੀਆਂ, ਲੰਮੀ ਮਿਆਦ ਵਾਲੀਆਂ ਕਿਸਮਾਂ ਪੂਸਾ-44, ਪੀਲੀ ਪੂਸਾ ਅਤੇ ਪੀ. ਆਰ-118) ਨਾਲੋਂ ਲਗਭਗ 3-4 ਹਫਤੇ ਘੱਟ ਲੈਂਦੀਆਂ ਹਨ । ਘੱਟ ਸਮੇਂ ‘ਚ ਪੱਕਣ ਕਰਕੇ ਇਹ ਕਿਸਮਾਂ ਕੀੜੇ-ਮਕੌੜੇ/ਬਿਮਾਰੀਆਂ ਅਤੇ ਮੌਸਮੀ ਤਬਦੀਲੀਆਂ ਆਦਿ ਦੇ ਅਸਰ ਤੋਂ ਵੀ ਬਚ ਜਾਂਦੀਆਂ ਹਨ । ਇਨ੍ਹਾਂ ਕਿਸਮਾਂ ਦੀ ਪਰਾਲੀ ਘੱਟ ਹੋਣ ਕਾਰਨ, ਇਸ ਤੋਂ ਉਪਰੰਤ ਹਾੜੀ ਦੀਆਂ ਫਸਲਾਂ ਦੀ ਬਿਜਾਈ ਵੀ ਸੌਖੀ ਅਤੇ ਸਮੇਂ ਸਿਰ ਹੋ ਜਾਂਦੀ ਹੈ ਅਤੇ ਇਸ ਲਈ ਕਣਕ ‘ਚ ਨਦੀਨਾਂ ਦੀ ਸਮੱਸਿਆ ਵੀ ਘੱਟ ਹੁੰਦੀ ਹੈ । ਕਿਸਾਨਾਂ ਨੂੰ ਇਨ੍ਹਾਂ ਵੱਧ ਕਿਸਮਾਂ ਦੀ ਕਾਸ਼ਤ ਨੂੰ ਤਰਜੀਹ ਦੇਣੀ ਚਾਹੀਦੀ ਹੈ ।

# ਮੱਕੀ ਤੋਂ ਅਚਾਰ ਬਣਾਉਣ ਲਈ ਪਿਛੇਤੀ ਬਿਜਾਈ ਤੋਂ ਗੁਰੇਜ਼ ਕਰੋ

ਪਰਮਿੰਦਰ ਸਿੰਘ ਸੰਧੂ, ਨਵਜੋਤ ਸਿੰਘ ਬਰਾੜ ਅਤੇ ਸਿਮਰਜੀਤ ਕੌਰ, ਫਾਰਮ ਸਲਾਹਕਾਰ ਸੇਵਾ ਕੇਂਦਰ, ਤਰਨਤਾਰਨ, ਮੋਬਾਇਲ : 98882-99130

ਅਚਾਰ ਬਣਾਉਣ ਲਈ ਸਭ ਤੋਂ ਢੁੱਕਵੀਂ ਫਸਲ ਮੱਕੀ ਹੈ ਅਤੇ ਪੰਜਾਬ ਵਿਚ ਜ਼ਿਆਦਾਤਰ ਪਸ਼ੂ ਪਾਲਕ ਅਚਾਰ ਬਣਾਉਣ ਲਈ ਬਹਾਰ ਰੁੱਤ ਦੀ ਮੱਕੀ ਦੀ ਕਾਸ਼ਤ ਕਰਦੇ ਹਨ । ਬਹਾਰ ਰੁੱਤ ਦੀ ਮੱਕੀ ਦੀ ਬਿਜਾਈ ਦਾ ਸਹੀ ਸਮਾਂ ਅੱਧ ਜਨਵਰੀ ਤੋਂ ਲੈ ਕੇ ਅੱਧ ਫਰਵਰੀ ਤੱਕ ਹੈ । ਇਸ ਸਮੇਂ ਤੇ ਬੀਜੀ ਮੱਕੀ ਦੋਧੇ ਦਾਣੇ ਤੇ ਪਹੁੰਚਣ ਵਿਚ 95-100 ਦਿਨ ਦਾ ਸਮਾਂ ਲੈਂਦੀ ਹੈ ਅਤੇ ਅੱਧ ਮਈ ਵਿਚ ਅਚਾਰ ਬਣਾਉਣ ਲਈ ਤਿਆਰ ਹੋ ਜਾਂਦੀ ਹੈ ।

★ ਗਰਮ ਅਤੇ ਖੁਸ਼ਕ ਮੌਸਮ ਮੱਕੀ ਨੂੰ ਕੁਤਰ ਕੇ ਟੋਏ ਵਿੱਚ ਨੱਪਣ ਲਈ ਸਭ ਤੋਂ ਅਨੁਕੂਲ ਹੁੰਦਾ ਹੈ । ਇਸ ਸਮੇਂ ਕਟਾਈ ਵੇਲੇ ਮੱਕੀ ਵਿਚ ਸੁੱਕਾ-ਮਾਦਾ (ਡਰਾਈ ਮੈਟਰ) 25-30% ਹੁੰਦਾ ਹੈ ਅਤੇ ਇਸ ਨੂੰ ਕੁਤਰ ਕੇ ਟੋਏ ਵਿਚ ਨੱਪਦੇ ਸਮੇਂ ਕੁਝ ਨਮੀਂ ਹੋਰ ਉੱਡ ਜਾਂਦੀ ਹੈ ਅਤੇ ਇਹ ਸੁੱਕਾ ਮਾਦਾ ਵੱਧ ਕੇ 30-35% ਵਿਚਕਾਰ ਪਹੁੰਚ ਜਾਂਦਾ ਹੈ ਜੋ ਕਿ ਇੱਕ ਉੱਚ ਗੁਣਵੱਤਾ ਵਾਲਾ ਅਚਾਰ ਬਣਾਉਣ ਲਈ ਸਭ ਤੋਂ ਅਨੁਕੂਲ ਹੈ ।

★ ਮੱਕੀ ਦੀ ਬਿਜਾਈ ਅੱਧ ਫਰਵਰੀ ਤੱਕ ਮੁਕੰਮਲ ਕਰ ਲਵੋ ਤਾਂ ਜੋ ਇਸਦੀ ਅਚਾਰ ਬਣਾਉਣ ਲਈ ਕਟਾਈ ਮਈ ਦੇ ਮਹੀਨੇ ਵਿਚ ਹੋ ਸਕੇ । ਇਹ ਤਾਂ ਹੀ ਹੋ ਸਕਦਾ ਹੈ ਜੇਕਰ ਹਾੜ੍ਹੀ ਦੇ ਸੀਜ਼ਨ ਵਿਚ ਖੇਤ ਵਿਚ ਮਟਰ/ਆਲੂ/ਤੋਰੀਆ/ਜਵੀ ਆਦਿ ਫਸਲਾਂ ਲੱਗੀਆਂ ਹੋਣ । ਇਨ੍ਹਾਂ ਫਸਲਾਂ ਦੀ ਕਟਾਈ ਜਨਵਰੀ ਵਿਚ ਹੋ ਜਾਂਦੀ ਹੈ ਅਤੇ ਇਨ੍ਹਾਂ ਤੋਂ ਬਾਅਦ ਬਹਾਰ ਰੁੱਤ ਦੀ ਮੱਕੀ ਦੀ ਬਿਜਾਈ ਵੀ ਸਹੀ ਸਮੇਂ ਤੇ ਹੋ ਜਾਂਦੀ ਹੈ । ਇਸ ਸਮੇਂ ਤੇ ਬੀਜੀ ਮੱਕੀ ਦਾ ਝਾੜ ਵੀ ਵੱਧ ਨਿਕਲਦਾ ਹੈ ਅਤੇ ਇਸ ਤੋਂ ਬਣੇ ਅਚਾਰ ਦੀ ਗੁਣਵੱਤਾਂ ਵੀ ਚੰਗੀ ਹੁੰਦੀ ਹੈ ।

★ ਅਪ੍ਰੈਲ ਵਿਚ ਬਿਜਾਈ ਸਮੇਂ ਮੌਸਮ ਗਰਮ ਅਤੇ ਖੁਸ਼ਕ ਹੁੰਦਾ ਹੈ ਜਿਸ ਕਰ ਕੇ ਇਸ ਫਸਲ ਨੂੰ ਪਾਣੀ ਬਹੁਤ ਜ਼ਿਆਦਾ ਲੱਗਦੇ ਹਨ । ਅਪ੍ਰੈਲ ਵਿਚ ਬੀਜੀ ਮੱਕੀ ਨੂੰ ਮਈ-ਜੂਨ ਵਿਚ ਹਰ ਚੌਥੇ ਦਿਨ ਤੇ ਪਾਣੀ ਲਗਾਉਣਾ ਪੈਂਦਾ ਹੈ । ਇਸ ਸਮੇਂ ਤੇ ਬੀਜੀ ਮੱਕੀ ਦਾ ਫਰਵਰੀ ਵਿਚ ਬੀਜੀ ਮੱਕੀ ਨਾਲੋਂ ਝਾੜ ਵੀ ਘੱਟ ਨਿਕਲਦਾ ਹੈ । ਅਪ੍ਰੈਲ ਵਿਚ ਬੀਜੀ ਮੱਕੀ ਦੋਧੇ ਦਾਣੇ ਤੇ ਪਹੁੰਚਣ ਵਿਚ 75-80 ਦਿਨ ਲੈਂਦੀ ਹੈ ।

★ ਅਪ੍ਰੈਲ ਦੇ ਆਖਰੀ ਹਫਤੇ ਤੇ ਬੀਜੀ ਮੱਕੀ ਅੱਧ ਜੁਲਾਈ ਵਿਚ ਜਾ ਕੇ ਦੋਧੇ ਦਾਣੇ ਤੇ ਪਹੁੰਚਦੀ ਹੈ । ਉਸ ਸਮੇਂ




ਬਰਸਾਤ ਦਾ ਮੌਸਮ ਸ਼ੁਰੂ ਹੋ ਜਾਂਦਾ ਹੈ ਅਤੇ ਹਵਾ ਵਿਚ ਨਮੀਂ ਵੱਧ ਜਾਂਦੀ ਹੈ ਅਤੇ ਇਸ ਸਮੇਂ ਮੱਕੀ ਦੀ ਕਟਾਈ ਵੇਲੇ ਮੱਕੀ ਵਿਚ ਸੁੱਕਾ ਮਾਦਾ (ਡਰਾਈ-ਮੈਟਰ) 20-25% ਹੀ ਹੁੰਦਾ ਹੈ ਅਤੇ ਇਸ ਨਾਲ ਅਚਾਰ ਦੀ ਗੁਣੱਵਤਾ ਘੱਟ ਜਾਂਦੀ ਹੈ । ਬਰਸਾਤ ਦੇ ਮੌਸਮ ਵਿਚ ਪਾਏ ਅਚਾਰ ਵਿਚ ਵੱਧ ਨਮੀਂ ਕਰਕੇ ਕਈ ਵਾਰ ਉੱਲੀ ਲਗ ਜਾਂਦੀ ਹੈ ਜੋ ਕਿ ਪਸ਼ੂਆਂ ਦੀ ਸਿਹਤ ਤੇ ਵੀ ਮਾੜਾ ਅਸਰ ਪਾਉਂਦੀ ਹੈ ।

★ ਪਸ਼ੂਆਂ ਲਈ ਅਚਾਰ ਬਣਾਉਣ ਸਮੇਂ ਜਾਂ ਅਚਾਰ ਦੀਆਂ ਗੱਠਾਂ ਬਜ਼ਾਰ ਵਿੱਚੋਂ ਖਰੀਦਣ ਸਮੇਂ ਇਸ ਦੀ ਗੁਣਵੱਤਾ ਵੱਲ ਖਾਸ ਧਿਆਨ ਦਿੱਤਾ ਜਾਵੇ ।

★ ਕਣਕ ਦੀ ਕਟਾਈ ਤੋਂ ਬਾਅਦ ਅਪ੍ਰੈਲ ਦੇ ਅਖੀਰ ਜਾਂ ਮਈ ਦੇ ਸ਼ੁਰੂ ਵਿਚ ਮੱਕੀ ਦੀ ਬਿਜਾਈ ਨਾ ਕੀਤੀ ਜਾਵੇ ਕਿਉਂਕਿ ਇਸ ਨਾਲ ਸਿੰਚਾਈ ਵਾਲੇ ਪਾਣੀ ਦੀ ਬਰਬਾਦੀ ਤਾਂ ਹੁੰਦੀ ਹੀ ਹੈ, ਨਾਲ ਦੀ ਨਾਲ ਅਚਾਰ ਦੀ ਗੁਣਵੱਤਾ ਸਹੀ ਨਾ ਹੋਣ ਕਰਕੇ ਪਸ਼ੂਆਂ ਦੀ ਸਿਹਤ ਤੇ ਵੀ ਮਾੜਾ ਅਸਰ ਪੈਂਦਾ ਹੈ ।

★ ਬਜ਼ਾਰ ਵਿਚੋਂ ਵੀ ਮੱਕੀ ਦੇ ਅਚਾਰ ਦੀਆਂ ਗੱਠਾਂ ਖਰੀਦਦੇ ਸਮੇਂ ਧਿਆਨ ਰੱਖਿਆ ਜਾਵੇ ਕਿ ਇਸ ਵਿਚ ਸੁੱਕਾ ਮਾਦਾ 30-35% ਦੇ ਵਿਚਕਾਰ ਹੋਏ, ਇਸ ਦਾ ਖਾਰਾ ਅੰਗ 3.8-4.2 ਦੇ ਵਿਚਕਾਰ ਹੋਵੇ, ਰੰਗ ਸੁਨਹਿਰੀ ਹੋਵੇ ਅਤੇ ਇਸ ਵਿਚੋਂ ਸਿਰਕੇ ਵਰਗੀ ਸੁਗੰਧ ਆਉਂਦੀ ਹੋਵੇ । ਖਰਾਬ ਅਚਾਰ ਦਾ ਰੰਗ ਭੂਰਾ ਹੁੰਦਾ ਹੈ ਅਤੇ ਇਸ ਵਿਚੋਂ ਬਦਬੂ ਆਉਂਦੀ ਹੈ । ਇਸ ਤੋਂ ਇਲਾਵਾ ਕਿਸਾਨ ਵੀਰ ਸਾਉਣੀ ਵਿਚ ਚਰ੍ਹੀ ਅਤੇ ਹਾੜ੍ਹੀ ਵਿਚ ਜਵੀ ਦਾ ਅਚਾਰ ਵੀ ਬਣਾ ਸਕਦੇ ਹਨ । ਇਹਨਾਂ ਫਸਲਾਂ ਨੂੰ ਪਾਣੀ ਘੱਟ ਲਗਦਾ ਹੈ ਅਤੇ ਇਹਨਾਂ ਦੀ ਕਾਸ਼ਤ ਤੇ ਖਰਚਾ ਵੀ ਘੱਟ ਆਉਂਦਾ ਹੈ ।

# ਮੱਕੀ, ਬਾਜਰਾ, ਦਾਲਾਂ ਅਤੇ ਬਾਸਮਤੀ ਹੇਠ ਰਕਬੇ ਵਿੱਚ ਵਾਧੇ ਦੀ ਲੋੜ



ਡਾ. ਰਣਜੀਤ ਸਿੰਘ

ਪਿਛਲੇ ਕਈ ਦਹਾਕਿਆਂ ਤੋਂ ਝੋਨਾ ਪੰਜਾਬ ਵਿਚ ਸਾਉਣੀ ਦੀ ਮੁੱਖ ਫਸਲ ਬਣ ਗਿਆ ਹੈ। ਇਸ ਹੇਠ ਰਕਬਾ ਘੱਟ ਹੋਣ ਵੀ ਥਾਂ ਹਰ ਸਾਲ ਵਧ ਰਿਹਾ ਹੈ। ਕਿਸਾਨਾਂ ਨੇ ਰੇਤ ਦੇ ਟਿੱਬੇ ਪੱਧਰੇ ਕਰਕੇ ਝੋਨਾ ਲਗਾਉਣਾ ਸ਼ੁਰੂ ਕਰ ਦਿੱਤਾ ਹੈ। ਝੋਨੇ ਲਈ ਜਿਥੇ ਵਧੇਰੇ ਪਾਣੀ ਦੀ ਲੋੜ ਪੈਂਦੀ ਹੈ ਉੱਥੇ ਲਗਾਤਾਰ ਇਕ ਹੀ ਫਸਲ ਉਗਾਉਣ ਨਾਲ ਬਿਮਾਰੀਆਂ ਅਤੇ ਨਦੀਨਾਂ ਵਿਚ ਵਾਧਾ ਹੁੰਦਾ ਹੈ ਅਤੇ ਧਰਤੀ ਦੀ ਸਿਹਤ ਪੌਣ ਪਾਣੀ ਉੱਤੇ ਪ੍ਰਭਾਵ ਪੈਂਦਾ ਹੈ। ਰੇਤਲੇ ਇਲਾਕਿਆਂ ਵਿਚ ਝੋਨੇ ਦੀ ਥਾਂ ਬਾਜਰਾ ਅਤੇ ਦਾਲਾਂ ਦੀ ਕਾਸ਼ਤ ਕਰਨੀ ਚਾਹੀਦੀ ਹੈ। ਭਾਰੀਆਂ ਅਤੇ ਉੱਚੀਆਂ ਜ਼ਮੀਨਾਂ ਵਿਚ ਮੱਕੀ ਦੀ ਕਾਸ਼ਤ ਨੂੰ ਪਹਿਲ ਦੇਣੀ ਚਾਹੀਦੀ ਹੈ। ਇਸੇ



ਤਰ੍ਹਾਂ ਬਾਸਮਤੀ ਹੇਠ ਰਕਬੇ ਵਿਚ ਵੀ ਵਾਧੇ ਦੀ ਲੋੜ ਹੈ।

ਬਾਸਮਤੀ ਪੰਜਾਬ ਦੀ ਰਿਵਾਇਤੀ ਫਸਲ ਹੈ। ਬਾਸਮਤੀ ਦੀ ਖੀਰ ਅਤੇ ਮਿੱਠੇ ਚੌਲ, ਪਲਾਓ ਪੰਜਾਬੀ ਖੁਸ਼ ਹੋ ਕੇ ਖਾਂਦੇ ਹਨ। ਚੌਲਾਂ ਦੇ ਦਾਨ ਦੀ ਵਿਸ਼ੇਸ਼ ਮਹੱਤਤਾ ਹੈ।

ਚਿੱਟੇ ਚੌਲ ਜਿਨ੍ਹਾਂ ਪੁੰਨ ਕੀਤੇ, ਰਬ ਨੇ ਮਿਲਾਈਆਂ ਜੋੜੀਆਂ ॥

ਬਾਸਮਤੀ ਦੀ ਕਾਸ਼ਤ ਲਈ ਵਿਸ਼ੇਸ਼ ਪੌਣ ਪਾਣੀ ਦੀ ਲੋੜ ਹੈ ਅਤੇ ਪੰਜਾਬ ਇਸ ਲਈ ਬਹੁਤ ਢੁੱਕਵਾਂ ਹੈ। ਬਾਸਮਤੀ ਦੀ ਲੁਆਈ ਜੁਲਾਈ ਵਿਚ ਕੀਤੀ ਜਾਂਦੀ ਹੈ ਜਦੋਂ ਬਰਸਾਤ ਸ਼ੁਰੂ ਹੋ ਜਾਂਦੀ ਹੈ। ਇੰਝ ਪਾਣੀ ਦੀ ਵੀ ਬਚਤ ਹੋ ਜਾਂਦੀ ਹੈ। ਪਿਛਲੇ ਸਾਲ ਪੰਜਾਬ ਵਿਚ ਬਾਸਮਤੀ ਹੇਠ ਕੋਈ ਚਾਰ ਲੱਖ ਹੈਕਟੇਅਰ ਰਕਬਾ ਸੀ। ਇਸ ਵਿਚ ਹੋਰ ਵਾਧਾ ਹੋ ਸਕਦਾ ਹੈ। ਹੁਣ ਵਧ ਝਾੜ ਦੇਣ ਅਤੇ ਘਟ ਸਮੇਂ ਵਿਚ ਪੱਕਣ ਵਾਲੀਆਂ ਕਿਸਮਾਂ ਆਉਣ ਨਾਲ ਇਸ ਦੀ ਖੇਤੀ ਲਾਹੇਵੰਦ ਹੋ ਸਕਦੀ ਹੈ। ਪੂਸਾ ਬਾਸਮਤੀ 1847 ਅਤੇ ਪੰਜਾਬ ਬਾਸਮਤੀ-7 ਪੱਕਣ ਲਈ 100 ਦਿਨ ਲੈਂਦੀਆਂ ਹਨ ਅਤੇ 19 ਕੁਇੰਟਲ ਤੋਂ ਵਧ ਝਾੜ ਦੇ ਦਿੰਦੀਆਂ ਹਨ। ਪੰਜਾਬ ਬਾਸਮਤੀ 1509 ਪੱਕਣ ਲਈ 95 ਦਿਨ ਲੈਂਦੀ ਹੈ ਅਤੇ 16 ਕੁਇੰਟਲ ਤੱਕ ਝਾੜ ਦੇ ਦਿੰਦੀ ਹੈ। ਜੇਕਰ ਹਰੀ ਖਾਦ ਪਾਈ ਹੋਵੇ ਤਾਂ ਕਿਸੇ ਹੋਰ ਖਾਦ ਦੀ ਲੋੜ ਨਹੀਂ ਹੈ। ਬੀਜ ਨੂੰ ਬੀਜਣ ਤੋਂ ਪਹਿਲਾਂ 15 ਗ੍ਰਾਮ ਟ੍ਰਾਈਕੋਡਰਮਾ ਹਰਜੀਐਨਮ ਪ੍ਰਤੀ ਕਿਲੋ ਦੇ ਹਿਸਾਬ ਨਾਲ ਸੋਧ ਲਵੋ। ਖੇਤ ਵਿਚ ਇਕ ਥਾਂ ਦੋ ਬੂਟੇ ਲਗਾਵੋ ਅਤੇ ਲਾਈਨਾਂ ਅਤੇ ਬੂਟਿਆਂ ਵਿਚਕਾਰ 20×15 ਸੈਂਟੀਮੀਟਰ ਦਾ ਫਾਸਲਾ ਰੱਖੋ। ਨਾਈਟ੍ਰੋਜਨ ਵਾਲੀ ਖਾਦ ਦੀ ਵਰਤੋਂ ਘਟ ਕਰੋ। ਪੂਸਾ ਬਾਸਮਤੀ 1847 ਅਤੇ ਪੰਜਾਬ ਬਾਸਮਤੀ-7 ਦੀ ਪਨੀਰੀ ਜੂਨ ਦੇ ਪਹਿਲੇ ਪੰਦਰਵਾੜੇ ਵਿਚ ਬੀਜੋ ਅਤੇ ਜੁਲਾਈ ਦੇ ਪਹਿਲੇ ਪੰਦਰਵਾੜੇ ਵਿਚ ਲਗਾਵੋ। ਜਦੋਂ ਕਿ ਪੰਜਾਬ ਬਾਸਮਤੀ 1509 ਦੀ ਪਨੀਰੀ ਜੂਨ ਦੇ ਦੂਜੇ ਪੰਦਰਵਾੜੇ ਬੀਜ ਕੇ ਜੁਲਾਈ ਦੇ ਦੂਜੇ ਪੰਦਰਵਾੜੇ ਲੁਆਈ ਕਰੋ। ਪਨੀਰੀ ਲਗਾਉਣ ਤੋਂ ਦੋ ਹਫਤੇ ਤੱਕ ਖੇਤ ਵਿਚ ਪਾਣੀ ਖੜਾ ਰੱਖੋ, ਮੁੜ ਉਦੋਂ ਪਾਣੀ ਲਗਾਵੋ ਜਦੋਂ ਪਾਣੀ ਜੀਰੇ ਨੂੰ ਦੋ ਦਿਨ ਹੋ ਗਏ ਹੋਣ।

ਪਿਛਲੇ ਸਾਲ ਤੋਂ ਮੋਟੇ ਅਨਾਜਾਂ ਦੀ ਕਾਸ਼ਤ ਨੂੰ ਉਤਸਾਹਿਤ ਕੀਤਾ ਜਾ ਰਿਹਾ ਹੈ। ਪੰਜਾਬ ਵਿਚ ਬਾਜਰੇ ਦੀ ਖੇਤੀ ਸਫਲਤਾ ਪੂਰਵਕ ਕੀਤੀ ਜਾ ਸਕਦੀ ਹੈ। ਸਿੰਚਾਈ ਸਹੂਲਤਾਂ ਵਿਚ ਵਾਧਾ ਹੋਣ ਤੋਂ ਪਹਿਲਾਂ ਮਾਲਵਾ ਅਤੇ ਦੁਆਬੇ ਦੇ ਰੇਤਲੇ ਇਲਾਕਿਆਂ ਵਿਚ ਬਾਜਰੇ ਦੀ ਦਾਣਿਆਂ ਲਈ ਕਾਸ਼ਤ ਕੀਤੀ ਜਾਂਦੀ ਸੀ। ਮਾਲਵੇ ਵਿਚ ਤਾਂ ਕਣਕ ਦੀ ਥਾਂ ਬਾਜਰੇ ਦੀ ਰੋਟੀ ਵੀ ਬਣਦੀ ਸੀ। ਇਕ ਨਵੀਂ ਕਿਸਮ ਪੀ ਸੀ ਬੀ-167 ਦੀ ਸਿਫਾਰਸ਼ ਕੀਤੀ ਗਈ ਹੈ ਜਿਹੜੀ ਤਿੰਨ ਮਹੀਨਿਆਂ ਵਿਚ ਪੱਕ ਜਾਂਦੀ ਹੈ ਅਤੇ 16 ਕੁਇੰਟਲ ਤਕ ਝਾੜ ਦੇ ਦਿੰਦੀ ਹੈ। ਇਕ ਹੋਰ ਕਿਸਮ ਪੀ ਸੀ ਬੀ 164 ਕੇਵਲ 80 ਦਿਨਾਂ ਵਿਚ ਪੱਕ ਜਾਂਦੀ ਹੈ ਤੇ ਇਸ ਦਾ ਝਾੜ 15 ਕੁਇੰਟਲ ਪ੍ਰਤੀ ਏਕੜ ਹੈ। ਬਾਜਰੇ ਦੀ ਬਿਜਾਈ ਜੁਲਾਈ ਮਹੀਨੇ ਕੀਤੀ ਜਾਂਦੀ ਹੈ ਅਤੇ ਇਕ ਏਕੜ ਲਈ ਅੱਧਾ ਕਿਲੋ ਬੀਜ ਚਾਹੀਦਾ ਹੈ। ਬਿਜਾਈ ਕਰਦੇ ਸਮੇਂ ਲਾਈਨਾਂ ਵਿਚਕਾਰ 50 ਸੈਂਟੀਮੀਟਰ ਵਿੱਥ ਰੱਖਣੀ ਚਾਹੀਦੀ ਹੈ। ਰਸਾਇਣਿਕ ਖਾਦਾਂ ਦੀ ਵਰਤੋਂ ਮਿੱਟੀ ਪਰਖ ਆਧਾਰਿਤ ਸਿਫਾਰਸ਼ਾਂ ਅਨੁਸਾਰ ਕਰੋ।

ਮੱਕੀ ਸਾਉਣੀ ਦੀ ਇਕ ਹੋਰ ਮੁੱਖ ਫਸਲ ਹੈ। ਇਸ ਸਮੇਂ ਮੱਕੀ ਹੇਠ ਕੇਵਲ 94 ਹਜ਼ਾਰ ਹੈਕਟੇਅਰ ਧਰਤੀ ਹੀ ਹੈ। ਉੱਚੀਆ ਤੇ ਭਾਰੀਆਂ ਜ਼ਮੀਨਾਂ ਝੋਨੇ ਦੀ ਥਾਂ ਮੱਕੀ ਦੀ ਕਾਸ਼ਤ ਕਰਨੀ ਚਾਹੀਦੀ ਹੈ। ਮੱਕੀ ਦੀ ਕਿਸਮ ਪੀ ਐਮ ਐਚ 14 ਪੱਕਣ ਲਈ 98 ਦਿਨ ਲੈਂਦੀ ਹੈ ਅਤੇ 25 ਕੁਇੰਟਲ ਤੱਕ ਝਾੜ ਦੇ ਦਿੰਦੀ ਹੈ। ਇਸ ਤੋਂ ਬਿਨਾਂ ਡੀ ਕੇ ਸੀ 9144, ਪੀ ਐਮ ਐਚ-13, ਏ ਡੀ ਵੀ-9293 ਵੀ 24 ਕੁਇੰਟਲ ਤੋਂ ਵੱਧ ਝਾੜ ਦੇ ਦਿੰਦੀਆਂ ਹਨ। ਇਕ ਹੋਰ ਕਿਸਮ ਬਾਇਓਸੀਡ 9788 ਵੀ 19 ਦਿਨਾਂ ਵਿਚ ਪੱਕ ਜਾਂਦੀ ਹੈ ਅਤੇ 24 ਕੁਇੰਟਲ ਪ੍ਰਤੀ ਏਕੜ ਤੋਂ



ਵੱਧ ਝਾੜ ਦੇ ਦਿੰਦੀ ਹਨ। ਪੀ ਐਮ ਐਚ 2 ਪੱਕਣ ਲਈ 83 ਦਿਨ ਲੈਂਦੀ ਹੈ ਪਰ ਇਸ ਦਾ ਝਾੜ 18 ਕੁਇੰਟਲ ਹੈ। ਕੁਝ ਵਿਸ਼ੇਸ਼ ਕਿਸਮਾਂ ਜਿਵੇਂ ਕਿ ਪੰਜਾਬ ਬੇਬੀਕੋਰਨ, ਸਵੀਟ ਕੋਰਨ ਅਤੇ ਪੋਪਕੋਰਨ ਦੀ ਕਾਸ਼ਤ ਵੀ ਕੀਤੀ ਜਾ ਸਕਦੀ ਹੈ। ਮੱਕੀ ਦੀ ਬਿਜਾਈ ਜੂਨ ਮਹੀਨੇ ਪੂਰੀ ਕਰ ਲੈਣੀ ਚਾਹੀਦੀ ਹੈ। ਬਿਜਾਈ ਸਮੇਂ ਲਾਈਨਾਂ ਵਿਚਕਾਰ 60 ਸੈਂਟੀਮੀਟਰ ਅਤੇ ਬੂਟਿਆਂ ਵਿਚਕਾਰ 20 ਸੈਂਟੀਮੀਟਰ ਫਾਸਲਾ ਰੱਖਿਆ ਜਾਵੇ। ਮੱਕੀ ਦੀ ਬਿਜਾਈ ਵੱਟਾਂ ਉੱਤੇ ਵੀ ਕੀਤੀ ਜਾ ਸਕਦੀ ਹੈ। ਇਸ ਵਿਚ ਮਾਂਹ ਵੀ ਬੀਜੇ ਜਾ ਸਕਦੇ ਹਨ। ਮੱਕੀ ਲਈ 10 ਕਿਲੋ ਬੀਜ ਪ੍ਰਤੀ ਏਕੜ ਚਾਹੀਦਾ ਹੈ। ਪਰ ਪਰਲ ਪੌਪਕੋਰਨ ਦਾ 7 ਕਿਲੋ ਬੀਜ ਵਰਤਿਆ ਜਾਵੇ। ਮੱਕੀ ਦੇ ਨਿਸਰਣ, ਸੂਤ ਕੱਤਣ ਅਤੇ ਦਾਣੇ ਪੈਣ ਸਮੇਂ ਸਿੰਚਾਈ ਜ਼ਰੂਰ ਕਰਨੀ ਚਾਹੀਦੀ ਹੈ। ਬੀਜਣ ਤੋਂ ਪਹਿਨਾਂ ਬੀਜ ਨੂੰ ਅੱਧਾ ਕਿਲੋ ਕਨਸ਼ੋਰਸ਼ੀਅਮ ਨੂੰ ਇਕ ਲਿਟਰ ਪਾਣੀ ਵਿਚ ਘੋਲ ਕੇ ਟੀਕਾ ਲਗਾਉਣਾ ਚਾਹੀਦਾ ਹੈ। ਇਸ ਨਾਲ ਝਾੜ ਵਿਚ ਵਾਧਾ ਹੁੰਦਾ ਹੈ। ਖਾਦਾਂ ਦੀ ਵਰਤੋਂ ਮਿੱਟੀ ਪਰਖ ਦੀ ਰਿਪੋਰਟ ਅਨੁਸਾਰ ਕਰਨੀ ਚਾਹੀਦੀ ਹੈ।

ਆਪਣੇ ਲਈ ਦਾਲਾਂ ਆਪ ਉਗਾਈਏ ਤੇ ਸ਼ੁੱਧ ਦਾਲਾਂ ਖਾਈਏ। ਮਾਂਹ ਅਤੇ ਮੂੰਗੀ ਪੰਜਾਬੀਆਂ ਦੀਆਂ ਸਭ ਤੋਂ ਮਨਪਸੰਦ ਤੇ ਸਭ ਤੋਂ ਵੱਧ ਵਰਤੀਆਂ ਜਾਣ ਵਾਲੀਆਂ ਦਾਲਾਂ ਹਨ। ਇਹ ਫਸਲਾਂ ਧਰਤੀ ਦੀ ਉਪਜਾਊ ਸ਼ਕਤੀ ਬਣਾਈ ਰੱਖਣ ਵਿਚ ਸਹਾਇਤਾ ਕਰਦੀਆਂ ਹਨ। ਮਾਂਹਾਂ ਵਿਚ ਬਹੁਤ ਸਾਰੇ ਖੁਰਾਕੀ ਤੱਤ ਹੁੰਦੇ ਹਨ। ਪੰਜਾਬੀਆਂ ਦੀ ਬਹੁਗਿਣਤੀ ਸ਼ਾਕਾਹਾਰੀ ਹੈ। ਉਨ੍ਹਾਂ ਨੂੰ ਮਾਹਾਂ ਦੀ ਦਾਲ ਹੀ ਲੋੜੀਂਦੀ ਖੁਰਾਕ ਪਹੁੰਚਾਉਂਦੀ ਹੈ।

ਮਾਹਾਂ ਤੋਂ ਪਿਛੋਂ ਮੂੰਗੀ ਦੀ ਪੰਜਾਬੀ ਘਰਾਂ ਵਿਚ ਸਭ ਤੋਂ ਵੱਧ ਵਰਤੋਂ ਕੀਤੀ ਜਾਂਦੀ ਹੈ। ਇਹ ਛੇਤੀ ਹਜ਼ਮ ਹੋਣ ਵਾਲੀ ਦਾਲ ਹੈ। ਇਸੇ ਕਰਕੇ ਬਿਮਾਰ ਤੇ ਕਮਜ਼ੋਰ ਬੰਦਿਆਂ ਨੂੰ ਮੂੰਗੀ ਦੀ ਦਾਲ ਹੀ ਖਾਣ ਦੀ ਸਲਾਹ ਦਿੱਤੀ ਜਾਂਦੀ ਹੈ। ਮਾਹਾਂ ਤੇ ਮੂੰਗੀ ਦੀਆਂ ਤਾਂ ਵੜੀਆਂ ਵੀ ਬਣਾਈਆਂ ਜਾਂਦੀਆਂ ਹਨ, ਜਿਨ੍ਹਾਂ ਦੀ ਸੁਆਦੀ ਸਬਜ਼ੀ ਬਣਦੀ ਹੈ। ਮਾਹਾਂ ਦੇ ਭੱਲੇ ਤਾਂ ਸਾਰੇ ਪੰਜਾਬੀ ਖੁਸ਼ ਹੋ ਕੇ ਖਾਂਦੇ ਹਨ। ਮੂੰਗੀ ਦੀ ਵਰਤੋਂ ਪਿੰਨੀਆਂ ਬਣਾਉਣ ਲਈ ਵੀ ਕੀਤੀ ਜਾਂਦੀ ਹੈ। ਜਿੱਥੇ ਇਹ ਫਸਲਾਂ ਧਰਤੀ ਦੀ ਸਿਹਤ ਨੂੰ ਠੀਕ ਰੱਖਦੀਆਂ ਹਨ ਉਥੇ ਨਦੀਨਾਂ ਉਤੇ ਵੀ ਕਾਬੂ ਪਾਉਣ ਵਿਚ ਸਹਾਇਤਾ ਕਰਦੀਆਂ ਹਨ। ਕਿਸਾਨਾਂ ਨੂੰ ਕੁਠ ਰਕਬੇ ਵਿਚ ਹਰ ਵਰ੍ਹੇ ਬਦਲ ਬਦਲ ਕੇ ਇਨ੍ਹਾਂ ਦੀ ਕਾਸ਼ਤ ਕਰਨੀ ਚਾਹੀਦੀ ਹੈ ਤਾਂ ਜੋ ਧਰਤੀ ਦੀ ਸਿਹਤ ਨੂੰ ਠੀਕ ਰਹੇ ਅਤੇ ਨਦੀਨਾਂ ਤੇ ਕਾਬੂ ਪਾਇਆ

ਬਾਕੀ ਸਫਾ 6 'ਤੇ



# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

# KHETI DUNIYAN

An Exclusive Agricultural Weekly

ਰਜਿਸਟਰਡ ਆਫਿਸ :
9-ਏ, ਅਜੀਤ ਨਗਰ,
ਪਟਿਆਲਾ

ਮਾਰਕੀਟਿੰਗ ਆਫਿਸ :
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਫੋਨ : 0175-2214575, ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 42 ਅੰਕ 19
ਮਿਤੀ 11-05-2024

**ਐਡੀਟਰ**

ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**

ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ



**ਸੰਪਾਦਕੀ ਬੋਰਡ**

ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਛੱਤਰਾ
ਡਾ. ਵਰਿੰਦਰ ਲਾਠਰ



**ਕੰਪੋਜ਼ਿੰਗ**

ਏਕਤਾ ਕੰਪਿਊਟਰਜ਼, ਪਟਿਆਲਾ



## ਨੋਟ


- ★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।
- ★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।
- ★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor, Printer & Publisher JAGPREET SINGH
Printed at Vargenia Printers, Sher-e-Punjab Market, Gaushala Road, PATIALA &
Published at Patiala for Prop. JAGPREET SINGH


# ਸਾਹਿਤ ਜਗਤ ਨੂੰ ਪਿਆ ਵੱਡਾ ਘਾਟਾ, ਪਦਮਸ਼੍ਰੀ ਸੁਰਜੀਤ ਪਾਤਰ ਦਾ ਹੋਇਆ ਦੇਹਾਂਤ

ਮਸ਼ਹੂਰ ਪੰਜਾਬੀ ਸ਼ਾਇਰ ਤੇ ਲੇਖਕ ਸੁਰਜੀਤ ਪਾਤਰ ਦਾ ਸ਼ਨੀਵਾਰ ਤੜਕਸਾਰ ਦੇਹਾਂਤ ਹੋ ਗਿਆ ਹੈ। ਮੁੱਢਲੀ ਜਾਣਕਾਰੀ ਮੁਤਾਬਕ ਉਨ੍ਹਾਂ ਦੀ ਮੌਤ ਦਿਲ ਦਾ ਦੌਰਾ ਪੈਣ ਨਾਲ ਹੋਈ ਹੈ।



ਪਦਮਸ਼੍ਰੀ ਸੁਰਜੀਤ ਪਾਤਰ ਨੇ 79 ਸਾਲ ਦੀ ਉਮਰ ਵਿਚ ਦੁਨੀਆ ਨੂੰ ਅਲਵਿਦਾ ਆਖ ਦਿੱਤਾ ਹੈ। ਉਨ੍ਹਾਂ ਨੇ ਲੁਧਿਆਣਾ ਵਿਚ ਆਖਰੀ ਸਾਹ ਲਏ। ਉਨ੍ਹਾਂ ਨੇ ਕਈ ਪ੍ਰਸਿੱਧ ਕਵਿਤਾਵਾਂ ਲਿਖੀਆਂ। ਇਨ੍ਹਾਂ ਵਿਚ ਹਵਾ ਵਿਚ ਲਿਖੇ ਹਰਫ, ਲਫਜਾਂ ਦੀ ਦਰਗਾਹ, ਪਤਝੜ ਦੀ ਬਾਜੇਬ, ਸੁਰ ਜਮੀਨ, ਬ੍ਰਿਖ ਅਰਜ ਕਰੇ, ਹਨੇਰੇ ਵਿਚ ਸੁਲਗਦੀ ਵਰਣਮਾਲਾ ਸਾਮਲ ਹਨ।

ਜਲੰਧਰ ਦੇ ਪਿੰਡ ਪਾਤੜ ਕਲਾਂ ਦੇ ਜੰਮਪਲ ਸੁਰਜੀਤ ਪਾਤਰ ਦਾ ਸਾਹਿਤ ਦੇ ਖੇਤਰ ਨੂੰ ਬਹੁਤ ਵੱਡਾ ਯੋਗਦਾਨ ਹੈ। ਉਹ ਪੰਜਾਬੀ ਸਾਹਿਤ ਅਕਾਦਮੀ ਦੇ ਪ੍ਰਧਾਨ ਵਜੋਂ ਵੀ ਸੇਵਾਵਾਂ ਨਿਭਾਅ ਚੁੱਕੇ ਹਨ। ਪੰਜਾਬ ਯੂਨੀਵਰਸਿਟੀ, ਪਟਿਆਲਾ ਤੋਂ ਆਪਣੀ ਮਾਸਟਰ ਡਿਗਰੀ ਪੂਰੀ ਕਰਨ ਤੋਂ ਬਾਅਦ ਉਨ੍ਹਾਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਪੀ.ਐੱਚ.ਡੀ. ਕੀਤੀ। ਉਸ ਮਗਰੋਂ ਉਨ੍ਹਾਂ ਨੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵਿਚ ਪੰਜਾਬੀ ਦੇ ਪ੍ਰੋਫੈਸਰ ਵਜੋਂ ਸੇਵਾਵਾਂ ਦਿੱਤੀਆਂ ਅਤੇ ਸੇਵਾਮੁਕਤ ਹੋਏ।

ਸੁਰਜੀਤ ਪਾਤਰ ਨੂੰ 2012 'ਚ ਪਦਮਸ੍ਰੀ ਐਵਾਰਡ ਨਾਲ ਨਿਵਾਜਿਆ ਗਿਆ। ਉਨ੍ਹਾਂ ਨੂੰ 1979 ਵਿਚ ਪੰਜਾਬ ਸਾਹਿਤ ਅਕਾਦਮੀ ਐਵਾਰਡ, 1993 ਵਿਚ ਸਾਹਿਤ ਅਕਾਦਮੀ ਐਵਾਰਡ, 1999 ਵਿਚ ਪੰਚਾਨੰਦ ਐਵਾਰਡ, 2007 ਵਿਚ ਆਨੰਦ ਕਾਵ ਸਨਮਾਨ, 2009 ਵਿਚ ਸਰਸਵਤੀ ਸਨਮਾਨ ਅਤੇ ਗੰਗਾਧਰ ਰਾਸਟਰੀ ਕਵਿਤਾ ਪੁਰਸਕਾਰ ਨਾਲ ਸਨਮਾਨਿਤ ਕੀਤਾ ਜਾ ਚੁੱਕਿਆ ਹੈ।

# ਪੰਜਾਬ ਨੂੰ ਬਚਾਉਣਾ ਹੈ ਤਾਂ ਲਗਾਓ ਰੁੱਖ – ਸੀਚੇਵਾਲ

ਰਾਜ ਸਭਾ ਮੈਂਬਰ ਤੇ ਵਾਤਾਵਰਨ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਰੁੱਖ ਲਾਉਣ ਨਾਲ ਹੀ ਪੰਜਾਬ ਬਚੇਗਾ। ਜਲਵਾਯੂ ਤਬਦੀਲੀ ਦੇ ਮੰਡਰਾ ਰਹੇ ਖਤਰੇ ਨਾਲ ਸਭ ਤੋਂ ਵੱਧ ਮਾਰ ਖੇਤੀਬਾੜੀ ਖੇਤਰ ਨੂੰ ਪਵੇਗੀ। ਉਨ੍ਹਾਂ ਕਿਹਾ ਕਿ ਪੰਜ ਪਾਣੀਆਂ ਦੀ ਧਰਤੀ ਪੰਜਾਬ ਨੂੰ ਜੇ ਬਚਾਉਣਾ ਹੈ ਤਾਂ ਯੋਜਨਾਬੱਧ ਢੰਗ ਨਾਲ ਵੱਡੇ ਪੱਧਰ 'ਤੇ ਰੁੱਖ ਲਗਾਉਣ ਦੀ ਸਖਤ ਲੋੜ ਹੈ।

## ਵੇਈ ਕੰਢੇ ਲੱਗੇ ਰੁੱਖਾਂ ਕਾਰਨ ਆ ਚੁੱਕੇ ਨੇ ਅਨੇਕਾਂ ਪੰਛੀ

ਸੰਤ ਬਲਬੀਰ ਸਿੰਘ ਸੀਚੇਵਾਲ ਨਿਰਮਲ ਕੁਟੀਆ ਸੀਚੇਵਾਲ ਵਿਚ ਸਥਾਪਤ ਦੋ ਨਰਸਰੀਆਂ ਦੀ ਦੇਖਭਾਲ ਖੁਦ ਕਰਦੇ ਹਨ। ਬੂਟਿਆਂ ਨੂੰ ਨਰਸਰੀਆਂ ਵਿਚ 5 ਤੋਂ 7 ਫੁੱਟ ਤੱਕ ਉੱਚੇ ਕੀਤਾ ਜਾਂਦਾ ਹੈ। ਹਰ ਸਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਨਗਰ ਕੀਰਤਨਾਂ ਵਿਚ 31,000 ਦੇ ਕਰੀਬ ਬੂਟੇ ਪ੍ਰਸ਼ਾਦ ਦੇ ਰੂਪ ਵਿਚ ਵੰਡੇ ਜਾਂਦੇ ਹਨ। ਵੇਈਂ ਕੰਢੇ ਵੱਡੀ ਗਿਣਤੀ ਵਿਚ ਲੱਗੇ ਰੁੱਖਾਂ ਕਾਰਨ ਅਨੇਕਾਂ ਪ੍ਰਕਾਰ ਦੇ ਪੰਛੀ ਤੇ ਤਿੱਤਲੀਆਂ ਆ ਗਈਆਂ ਹਨ। ਨਰਸਰੀਆਂ ਵਿਚ ਜ਼ਿਆਦਾਤਰ ਵਿਰਾਸਤੀ ਤੇ ਮੈਡੀਸਨਲ ਬੂਟੇ ਵੰਡੇ ਜਾਂਦੇ ਹਨ। ਸੁਲਤਾਨਪੁਰ ਲੋਧੀ ਦੇ ਰੇਲਵੇ ਸਟੇਸ਼ਨ ਦੇ 25 ਏਕੜ ਤੋਂ ਵੱਧ ਰਕਬੇ ਨੂੰ ਰੁੱਖਾਂ ਨਾਲ ਭਰ ਦਿੱਤਾ ਗਿਆ ਹੈ।




ਸੰਤ ਸੀਚੇਵਾਲ ਨੇ ਦੱਸਿਆ ਕਿ ਬੁੱਢੇ ਦਰਿਆ ਦੀ ਚੱਲ ਰਹੀ ਕਾਰ ਸੇਵਾ ਦੇ ਪਹਿਲੇ ਪੜਾਅ ਦੌਰਾਨ ਰੁੱਖ ਹੀ ਲਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਬੁੱਢੇ ਦਰਿਆ ਦੀ ਨਿਸ਼ਾਨਦੇਹੀ ਕਰਵਾ ਕੇ ਇਸ ਦੇ ਦੋਵੇਂ ਕਿਨਾਰਿਆਂ 'ਤੇ ਵੱਡੇ ਪੱਧਰ 'ਤੇ ਰੁੱਖ ਲਾਏ ਜਾਣਗੇ ਤਾਂ ਜੋ ਲੁਧਿਆਣਾ ਸ਼ਹਿਰ ਵਿਚ ਹਵਾ ਦੇ ਪ੍ਰਦੂਸ਼ਣ ਨੂੰ ਘੱਟ ਕੀਤਾ ਜਾ ਸਕੇ। ਇਸੇ ਤਰ੍ਹਾਂ ਸਤਲੁਜ ਦੇ ਧੁੱਸੀ ਬੰਨ੍ਹ 'ਤੇ ਵੱਡੇ ਪੱਧਰ 'ਤੇ ਰੁੱਖ ਲਾਏ ਜਾਣਗੇ। ਜਿਸ ਨਾਲ ਧੁੱਸੀ ਬੰਨ੍ਹ ਨੂੰ ਮਜ਼ਬੂਤੀ ਮਿਲੇਗੀ। ਉਨ੍ਹਾਂ ਕਿਹਾ ਕਿ ਪਵਿੱਤਰ ਵੇਈਂ ਦੇ ਦੋਵੇਂ ਕਿਨਾਰਿਆਂ 'ਤੇ 20 ਸਾਲ ਪਹਿਲਾਂ ਜਿਹੜੇ ਰੁੱਖ ਲਾਏ ਸਨ, ਉਹ ਸੰਘਣੀਆਂ ਛਾਵਾਂ ਦੇ ਨਾਲ-ਨਾਲ ਵੱਡੀ ਪੱਧਰ 'ਤੇ ਫਲ ਵੀ ਦੇ ਰਹੇ ਹਨ।

ਸੰਤ ਸੀਚੇਵਾਲ ਨੇ ਦੱਸਿਆ ਕਿ ਵਾਤਾਵਰਨ ਦੇ ਪੱਖੋਂ ਜਿਸ ਸਥਿਤੀ ਵਿਚ ਪੰਜਾਬ ਪਹੁੰਚ ਚੁੱਕਾ ਹੈ, ਉੱਥੋਂ ਇਸ ਨੂੰ ਰੁੱਖ ਹੀ ਬਚਾਅ ਸਕਣਗੇ। ਉਨ੍ਹਾਂ ਕਿਹਾ ਕਿ ਪੰਜਾਬ ਧਰਤੀ ਹੇਠਲੇ ਡੂੰਘੇ ਹੁੰਦੇ ਜਾ ਰਹੇ ਤੇ ਪੰਜਾਬ ਇਸ ਵੇਲੇ ਪਾਣੀਆਂ ਦੇ ਸੰਕਟ ਨਾਲ ਜੂਝ ਰਿਹਾ ਹੈ। ਪੰਜਾਬ ਦੀ ਚੱਪਾ-ਚੱਪਾ ਧਰਤੀ 'ਤੇ ਰੁੱਖ ਲੱਗਣ ਨਾਲ ਮੀਂਹ ਪੈਣ ਦੀਆਂ ਸੰਭਾਵਨਾਵਾਂ ਵਧਣਗੀਆਂ ਜਿਸ ਨਾਲ ਮੀਂਹ ਦਾ ਪਾਣੀ ਧਰਤੀ ਹੇਠ ਰੀਚਾਰਜ ਹੋਵੇਗਾ ਤੇ ਉਸ ਨਾਲ ਧਰਤੀ ਹੇਠਲੇ ਪਾਣੀ ਦਾ ਪੱਧਰ ਵੀ ਉੱਚਾ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਸੰਤ ਸਮਾਜ ਨੇ ਪੰਜਾਬ ਦੇ ਵਾਤਾਵਰਣ ਨੂੰ ਹਰਿਆ-ਭਰਿਆ ਕਰਨ ਦਾ ਏਜੰਡਾ ਰਾਜਨੀਤਕ ਪਾਰਟੀਆਂ ਅੱਗੇ ਰੱਖਿਆ ਹੈ ਪਰ ਅਜੇ ਤੱਕ ਕਿਸੇ ਵੀ ਪਾਰਟੀ ਨੂੰ ਉਸ 'ਤੇ ਚਰਚਾ ਸ਼ੁਰੂ ਨਹੀਂ ਕੀਤੀ ਜਿਸ ਤਰ੍ਹਾਂ ਨਾਲ ਇਹ ਚਰਚਾ ਹੋਣੀ ਚਾਹੀਦੀ ਹੈ।

ਸੰਤ ਸੀਚੇਵਾਲ ਨੇ ਪੰਜਾਬ ਸਰਕਾਰ ਨੂੰ ਸੁਝਾਅ ਦਿੱਤਾ ਹੈ ਕਿ ਪੰਜਾਬ ਦੀਆਂ ਸਾਰੀਆਂ ਪੰਚਾਇਤੀ ਜ਼ਮੀਨਾਂ 'ਤੇ ਵੱਡੇ ਪੱਧਰ 'ਤੇ ਰੁੱਖ ਲਾਏ ਜਾਣ। ਪੰਚਾਇਤੀ ਜ਼ਮੀਨਾਂ 'ਤੇ ਵੱਡੇ ਪੱਧਰ 'ਤੇ ਰੁੱਖ ਲਾਏ ਜਾਣ। ਪੰਚਾਇਤੀ ਜ਼ਮੀਨਾਂ 'ਤੇ ਲਾਏ ਰੁੱਖਾਂ ਦੀ ਕਮਾਈ ਉਸ ਪਿੰਡ 'ਤੇ ਹੀ ਖਰਚੀ ਜਾਵੇ ਜਿਸ ਪਿੰਡ ਦੀ ਜ਼ਮੀਨ ਹੋਵੇਗੀ। ਉਨ੍ਹਾਂ ਕਿਹਾ ਕਿ ਅਜਿਹਾ ਕਰਨ ਨਾਲ ਪੰਜਾਬ ਵਾਤਾਵਰਨ ਦੇ ਪੱਖੋਂ ਮੋਹਰੀ ਸੂਬਾ ਬਣ ਸਕਦਾ ਹੈ। ਇਕ ਰਿਪੋਰਟ ਅਨੁਸਾਰ ਇਸ ਸਮੇਂ ਪੰਜਾਬ ਵਿਚ ਪ੍ਰਤੀ ਵਿਅਕਤੀ ਪਿੱਛੇ ਸਿਰਫ ਚਾਰ ਰੁੱਖ ਹਨ ਜਦ ਕਿ ਰੁੱਖਾਂ ਦੀ ਗਿਣਤੀ 10 ਤੋਂ ਵੱਧ ਹੋਣੀ ਚਾਹੀਦੀ ਹੈ। ਪੰਜਾਬ ਦੇ ਜੰਗਲਾਤ ਹੇਠ ਰਕਬੇ ਨੂੰ ਵਧਾਉਣ ਦੀਆਂ ਨੀਤੀਆਂ ਬਣਾਈਆਂ ਜਾਣ। ਜੰਗਲਾਂ ਦੀਆਂ ਜ਼ਮੀਨਾਂ 'ਤੇ ਹੋਏ ਨਾਜਾਇਜ਼ ਕਬਜ਼ਿਆਂ ਨੂੰ ਹਟਾਇਆ ਜਾਵੇ ਅਤੇ ਬਹੁਤ ਸਾਰੇ ਜੰਗਲਾਂ ਨੂੰ ਵਾਤਾਵਰਨ ਪੱਖੀ ਟੂਰਿਜ਼ਮ ਕੇਂਦਰਾਂ ਵਜੋਂ ਵਿਕਸਤ ਕੀਤਾ ਜਾਵੇ।

# ਇਸ ਸਾਲ ਆਮ ਨਾਲੋਂ ਜ਼ਿਆਦਾ ਰਹੇਗਾ ਤਾਪਮਾਨ
# ਇਸ ਮਹੀਨੇ ਗਰਮੀ ਨਹੀਂ ਵਿਖਾਏਗੀ 'ਨਰਮੀ'

ਭਾਰਤੀ ਮੌਸਮ ਵਿਭਾਗ (ਆਈ.ਐੱਮ. ਡੀ.) ਨੇ ਕਿਹਾ ਹੈ ਕਿ ਰਾਸ਼ਟਰੀ ਰਾਜਧਾਨੀ ਦਿੱਲੀ ਸਮੇਤ ਉੱਤਰੀ ਭਾਰਤ ਦੇ ਵਧੇਰੇ ਹਿੱਸਿਆਂ 'ਚ ਮਈ ਮਹੀਨੇ 'ਚ ਤਿੱਖੀ ਗਰਮੀ ਪਏਗੀ। ਵੱਧ ਤੋਂ ਵੱਧ ਤੇ ਘੱਟ-ਘੱਟ ਤਾਪਮਾਨ ਆਮ ਨਾਲੋਂ ਵੱਧ ਰਹਿ ਸਕਦਾ ਹੈ। ਆਈ. ਐੱਮ. ਡੀ. ਦੇ ਮੁੱਖੀ ਮ੍ਰਿਤੁੰਜੇ ਮਹਾਪਾਤਰਾ ਨੇ ਡਿਜੀਟਲ ਮਾਧਿਅਮ ਰਾਹੀਂ ਦੱਸਿਆ ਕਿ ਉੱਤਰੀ ਪੱਛਮੀ ਭਾਰਤ, ਮੱਧ ਭਾਰਤ ਅਤੇ ਦੱਖਣੀ ਭਾਰਤ ਦੇ ਕੁਝ ਹਿੱਸਿਆਂ ਨੂੰ ਛੱਡ ਕੇ ਦੇਸ਼ ਦੇ ਵਧੇਰੇ ਹਿੱਸਿਆਂ 'ਚ ਵੱਧ ਤਾਪਮਾਨ ਆਮ ਨਾਲੋਂ ਵੱਧ ਰਹੇਗਾ।



ਉਨ੍ਹਾਂ ਦੱਸਿਆ ਕਿ ਦੇਸ਼ ਦੇ ਕੁਝ ਹਿੱਸਿਆਂ 'ਚ ਪਾਰਾ ਆਮ ਨਾਲੋਂ ਹੇਠਾਂ ਰਹਿਣ ਦੀ ਸੰਭਾਵਨਾ ਹੈ। ਗੰਗਾਂ ਦੇ ਮੈਦਾਨਾਂ, ਮੱਧ ਭਾਰਤ ਤੇ ਉੱਤਰੀ-ਪੂਰਬੀ ਭਾਰਤ ਦੇ ਵਧੇਰੇ ਹਿੱਸਿਆਂ ਨੂੰ ਛੱਡ ਕੇ ਦੇਸ਼ 'ਚ ਬਾਕੀ ਥਾਈਂ ਘੱਟ-ਘੱਟ ਤਾਪਮਾਨ ਵੀ ਆਮ ਨਾਲੋਂ ਵੱਧ ਰਹਿ ਸਕਦਾ ਹੈ। ਮਈ ਮਹੀਨੇ 'ਚ ਪੰਜਾਬ, ਹਰਿਆਣਾ, ਚੰਡੀਗੜ੍ਹ, ਦਿੱਲੀ, ਪੱਛਮੀ ਉੱਤਰ ਪ੍ਰਦੇਸ਼ ਤੇ ਉੱਤਰੀ ਰਾਜਸਥਾਨ 'ਚ ਵੱਧ ਤੋਂ ਵੱਧ ਤਾਪਮਾਨ ਆਮ ਨਾਲੋਂ ਵੱਧ ਰਹਿਣ ਦੀ ਸੰਭਾਵਨਾ ਹੈ। ਮਹਾਪਾਤਰਾ ਨੇ ਕਿਹਾ ਨੇ ਮੱਧ ਪ੍ਰਦੇਸ਼, ਵਿਦਰਭ, ਤੇਲੰਗਾਨਾ ਤੇ ਤਾਮਿਲਨਾਡੂ 'ਚ ਆਮ ਤੋਂ ਵੱਧ ਬਾਰਿਸ਼ ਹੋ ਸਕਦੀ ਹੈ।

### ਪੰਜਾਬ-ਹਰਿਆਣਾ 'ਚ ਵੀ ਵਧੇਗਾ ਤਾਪਮਾਨ


ਮਹਾਪਾਤਰਾ ਨੇ ਦੱਸਿਆ ਕਿ ਪੰਜਾਬ, ਹਰਿਆਣਾ, ਚੰਡੀਗੜ੍ਹ, ਦਿੱਲੀ, ਪੱਛਮੀ ਉੱਤਰ ਪ੍ਰਦੇਸ਼ ਅਤੇ ਉੱਤਰੀ ਰਾਜਸਥਾਨ 'ਚ ਮਈ ਦੇ ਮਹੀਨੇ ਵਿਚ ਵੱਧ ਤੋਂ ਵੱਧਦੇ ਤਾਪਮਾਨ ਆਮ ਨਾਲੋਂ ਜ਼ਿਆਦਾ ਰਹਿਣ ਦੀ ਸੰਭਾਵਨਾ ਹੈ। ਉਨ੍ਹਾਂ ਕਿਹਾ ਕਿ ਮੱਧ ਪ੍ਰਦੇਸ਼, ਵਿਦਰਭ, ਤੇਲੰਗਾਨਾ ਅਤੇ ਤਾਮਿਲਨਾਡੂ ਵਿਚ ਆਮ ਨਾਲੋਂ ਵੱਧ ਮੀਂਹ ਪੈ ਸਕਦਾ ਹੈ।

ਸਿਮਰਤ ਸਿੰਘ,
ਫਲੋਰੀਕਲਚਰ ਅਤੇ ਲੈਂਡਸਕੇਪਿੰਗ ਵਿਭਾਗ, ਪੰਜਾਬ ਐਗਰੀਕਲਚਰਲ ਯੂਨਿਵਰਸਿਟੀ, ਲੁਧਿਆਣਾ
(ਮੋ. 9815793196)


# ਗਮਲਿਆਂ ਵਿਚ ਲੱਗੇ ਪੁਰਾਣੇ ਪੌਦਿਆਂ ਨੂੰ ਨਿਖੇੜਨ ਦੀ ਪ੍ਰਕਿਰਿਆ, ਲੈਂਡਸਕੇਪਿੰਗ ਦੇ ਵਿਹਾਰਕ ਪਹਿਲੂ




**ਸਜਾਵਟੀ ਪੌਦਿਆਂ ਨਾਲ ਜਗ੍ਹਾ ਨੂੰ ਸੁੰਦਰ ਬਣਾਉਣ ਨੂੰ ਲੈਂਡਸਕੇਪਿੰਗ ਜਾਂ ਭੂ-ਸਜਾਵਟ ਕਿਹਾ ਜਾਂਦਾ ਹੈ। ਲੈਂਡਸਕੇਪਿੰਗ ਆਮ ਤੌਰ 'ਤੇ ਘਰਾਂ, ਜਨਤਕ ਥਾਵਾਂ, ਧਾਰਮਿਕ ਅਸਥਾਨਾਂ, ਸ਼ੌਪਿੰਗ ਮਾਲ, ਹਵਾਈ ਅੱਡੇ ਆਦਿ ਥਾਵਾਂ ਤੇ ਜਗ੍ਹਾ ਨੂੰ ਸੁੰਦਰ ਬਣਾਉਣ ਲਈ ਕੀਤੀ ਜਾਂਦੀ ਹੈ।**




ਉਪਚਾਰਿਕ ਵਿਉਂਤ (Formal)





ਅਨ-ਉਪਚਾਰਿਕ ਵਿਉਂਤ (Informal)





ਜਮੀਨ ਦੀ ਤਿਆਰੀ ਦੌਰਾਨ ਲੋੜ ਅਨੁਸਾਰ ਹੀ ਮਿੱਟੀ ਦੀ ਖੁਦਾਈ-ਭਰਾਈ ਕਰੋ




ਜਗ੍ਹਾ ਦਾ ਪਲੈਨ ਤਿਆਰ ਕਰਦੇ ਸਮੇਂ ਧੁੱਪ-ਛਾਂ ਅਤੇ ਸਾਲ ਦੌਰਾਨ ਹਵਾ ਦੀ ਦਿਸ਼ਾ ਦਾ ਧਿਆਨ ਰਖੋ




ਜਮੀਨ ਦੀ ਤਿਆਰੀ ਦੌਰਾਨ ਲੋੜ ਅਨੁਸਾਰ ਹੀ ਮਿੱਟੀ ਦੀ ਖੁਦਾਈ-ਭਰਾਈ ਕਰੋ




ਜਗ੍ਹਾ ਦਾ ਪਲੈਨ ਤਿਆਰ ਕਰਦੇ ਸਮੇਂ ਧੁੱਪ-ਛਾਂ ਅਤੇ ਸਾਲ ਦੌਰਾਨ ਹਵਾ ਦੀ ਦਿਸ਼ਾ ਦਾ ਧਿਆਨ ਰਖੋ

## ਲੈਂਡਸਕੇਪਿੰਗ ਦਾ ਪਲੈਨ ਤਿਆਰ ਕਰਨ ਦੌਰਾਨ ਧਿਆਨ ਰੱਖਣ ਯੋਗ ਗੱਲਾਂ

ਕਿਸੇ ਵੀ ਜਗ੍ਹਾ ਦੀ ਸੁੰਦਰਤਾ ਵਿਚ ਰੁੱਖ, ਵੇਲਾਂ, ਝਾੜੀਆਂ ਆਦਿ ਬਨਸਪਤੀ ਦੇ ਸੁੰਦਰ ਫੁੱਲਾਂ, ਪੱਤਿਆਂ ਜਾਂ ਪੌਦਿਆਂ ਦੇ ਆਕਾਰ ਦਾ ਵਿਲੱਖਣ ਚਿੱਤਰ ਪੇਸ਼ਕਸ਼ ਹੁੰਦਾ ਹੈ। ਸਜਾਵਟੀ ਪੌਦਿਆਂ ਨਾਲ ਜਗ੍ਹਾ ਨੂੰ ਸੁੰਦਰ ਬਣਾਉਣ ਨੂੰ ਲੈਂਡਸਕੇਪਿੰਗ ਜਾਂ ਭੂ-ਸਜਾਵਟ ਕਿਹਾ ਜਾਂਦਾ ਹੈ। ਲੈਂਡਸਕੇਪਿੰਗ ਆਮ ਤੌਰ 'ਤੇ ਘਰਾਂ, ਜਨਤਕ ਥਾਵਾਂ, ਧਾਰਮਿਕ ਅਸਥਾਨਾਂ, ਸ਼ੌਪਿੰਗ ਮਾਲ, ਹਵਾਈ ਅੱਡੇ ਆਦਿ ਥਾਵਾਂ ਤੇ ਜਗ੍ਹਾ ਨੂੰ ਸੁੰਦਰ ਬਣਾਉਣ ਲਈ ਕੀਤੀ ਜਾਂਦੀ ਹੈ। ਜਿਸ ਤਰ੍ਹਾਂ ਇਕ ਚਿੱਤਰਕਾਰ ਡਰਾਇੰਗ ਬੋਰਡ ਉਪਰ ਬੁਰਸ਼ ਨਾਲ ਰੰਗ ਭਰ ਕੇ ਖ਼ੂਬਸੂਰਤ ਚਿੱਤਰਕਾਰੀ ਪੇਸ਼ ਕਰਦਾ ਹੈ ਇਸੇ ਤਰ੍ਹਾਂ ਬੇ-ਆਬਾਦ ਬੰਜਰ ਪਈਆਂ ਜ਼ਮੀਨਾਂ ਉੱਪਰ ਸਜਾਵਟੀ ਪੌਦਿਆਂ ਚੋਣ ਕਰਕੇ ਰੁੱਖ, ਵੇਲਾਂ, ਝਾੜੀਆਂ ਆਦਿ ਲਗਾ ਕੇ ਇਨ੍ਹਾਂ ਥਾਵਾਂ ਨੂੰ ਮੁੜ ਸੁਰਜੀਤ ਕੀਤਾ ਜਾ ਸਕਦਾ ਹੈ।

ਲੈਂਡਸਕੇਪਿੰਗ ਕਰਨ ਲਈ ਕਈ ਕਾਰਕਾਂ ਨੂੰ ਧਿਆਨ ਵਿਚ ਰੱਖਿਆ ਜਾਂਦਾ ਹੈ ਜਿਨ੍ਹਾਂ ਵਿਚੋਂ ਮੁੱਖ ਤੌਰ 'ਤੇ ਜ਼ਮੀਨ ਦੀ ਜਗ੍ਹਾ ਦੀ ਮਾਪ, ਇਸਦੀ ਦੀ ਵਰਤੋਂ, ਮਿੱਟੀ ਦੀ ਕਿਸਮ, ਪਾਣੀ ਦੀ ਮਿਆਦ, ਆਲ੍ਹੇ-ਦੁਆਲੇ ਦਾ ਵਾਤਾਵਰਨ ਅਤੇ ਬੂਟਿਆਂ ਦੀ ਸਹੀ ਚੋਣ ਕਰਨਾ ਹੁੰਦਾ ਹੈ। ਕਿਸੇ ਵੀ ਜਗ੍ਹਾ ਦੀ ਲੈਂਡਸਕੇਪਿੰਗ ਕਰਨ ਤੋਂ ਪਹਿਲਾਂ ਹੇਠ ਵਿਸ਼ੇ ਤੇ ਧਿਆਨ ਦਿਤਾ ਜਾਵੇ :

**1. ਜਗ੍ਹਾ ਦੀ ਚੋਣ** : ਜਗ੍ਹਾ ਦੀ ਲੈਂਡਸਕੇਪਿੰਗ ਕਰਨ ਲਈ ਉਸਦੀ ਚੋਣ ਜਗ੍ਹਾ ਦੀ ਵਰਤੋਂ ਦੇ ਹਿਸਾਬ ਨਾਲ ਕੀਤੀ ਜਾਣੀ ਚਾਹੀਦੀ ਹੈ। ਉਦਾਹਰਣ ਵਜੋਂ ਕਿ ਇਹ ਜਗ੍ਹਾ ਨਿੱਜੀ ਵਰਤੋਂ ਲਈ ਹੈ ਜਾਂ ਫਿਰ ਜਨਤਕ ਆਵਾਜਾਈ ਲਈ ਵਰਤੋਂ ਕੀਤੀ ਜਾਣੀ ਹੈ ? ਇਸ ਜਗ੍ਹਾ ਦਾ ਖੇਤਰਫਲ ਅਤੇ ਅਕਾਰ (ਉਪਚਾਰਕ ਜਾਂ ਅਨ-ਉਪਚਾਰਕ) ਆਦਿ ਕਾਰਕਾਂ ਨੂੰ ਜਾਂਚ ਕੇ ਲੈਂਡਸਕੇਪਿੰਗ ਕਰਨ ਲਈ ਵਿਉਂਤ ਬਣਾਈ ਜਾਂਦੀ ਹੈ।

**2. ਸਥਿਤੀ (ਉੱਤਰ / ਦੱਖਣ / ਪੂਰਬ / ਪੱਛਮ)** : ਲੈਂਡਸਕੇਪਿੰਗ ਕਰਨ ਤੋਂ ਪਹਿਲਾਂ ਬੂਟੇ ਲਗਾਉਣ ਦੀ ਜਗ੍ਹਾ ਦੀ ਦਿਸ਼ਾ ਜ਼ਰੂਰ ਜਾਂਚ ਲਵੋ। ਉਦਾਹਰਣ ਦੇ ਤੌਰ 'ਤੇ ਦੱਖਣ ਅਤੇ ਪੱਛਮ ਦਿਸ਼ਾ ਵੱਲ ਸੂਰਜੀ ਕਿਰਨਾਂ ਦੀ ਤਪਸ਼ ਵੱਧ ਹੁੰਦੀ ਹੈ ਅਤੇ ਇਸ ਦਿਸ਼ਾ ਵੱਲ ਪੱਤਝੜੀ ਰੁੱਖ ਲਗਾਏ ਜਾ ਸਕਦੇ ਹਨ ਜਿਨ੍ਹਾਂ ਦੀ ਲੋੜਵੰਦ ਕਾਂਟ-ਛਾਂਟ ਕਰਕੇ ਸਰਦੀਆਂ ਵਿਚ ਧੁੱਪ ਅਤੇ ਗਰਮੀਆਂ ਵਿਚ ਛਾਂ ਕੀਤੀ ਜਾ ਸਕਦੀ ਹੈ।

**3. ਮੌਜੂਦਾ ਸੇਵਾਵਾਂ/ਸਾਧਨ** : ਜਗ੍ਹਾ ਤੇ ਮੌਜੂਦ ਸੁੱਖ-ਸਹੂਲਤਾਂ (ਪਾਣੀ / ਬਰਾਂਡਾ / ਡੰਗਰਾਂ ਦਾ ਵਾੜਾ / ਪਾਰਕਿੰਗ ਆਦਿ) ਨੂੰ ਧਿਆਨ ਵਿਚ ਰੱਖ ਲੈਂਡਸਕੇਪਿੰਗ ਦਾ ਪਲੈਨ ਬਣਾਇਆ ਜਾਂਦਾ ਹੈ। ਧਿਆਨ ਰੱਖਿਆ ਜਾਵੇ ਕਿ ਵੀ ਕਿਸਮ ਦੇ ਮੌਜੂਦਾ ਪੌਦਿਆਂ ਨੂੰ ਜ਼ਰੂਰੀ ਲੋੜ ਪੈਣ ਤੇ ਹੀ ਪੁੱਟੋ ਅਤੇ ਹਮੇਸ਼ਾਂ ਇਹ ਕੋਸ਼ਿਸ਼ ਕੀਤੀ ਜਾਵੇ ਕਿ ਇਨ੍ਹਾਂ ਪੌਦਿਆਂ ਨੂੰ ਲੈਂਡਸਕੇਪਿੰਗ ਦੇ ਪਲੈਨ ਵਿਚ ਹੀ ਇਕੱਠਾ ਕਰੋ।

**4. ਪਾਣੀ ਦਾ ਨਿਕਾਸ** : ਜਗ੍ਹਾ ਦੀ ਚੋਣ ਵਾਧੂ ਪਾਣੀ ਦੇ ਨਿਕਾਸ ਵਾਲੀ ਕਰਨੀ ਚਾਹੀਦੀ ਹੈ। ਉਸ ਜਗ੍ਹਾ ਤੋਂ ਮਿੱਟੀ ਦਾ ਨਮੂਨਾ ਲੈ ਕੇ ਭੂਮੀ ਪਰਖ ਪ੍ਰਯੋਗਸ਼ਾਲਾ ਵਿਚ ਜਾਂਚ ਕਰਵਾਓ ਅਤੇ ਸਿਫਾਰਿਸ਼ਾਂ ਅਨੁਸਾਰ ਮਿੱਟੀ ਦੀ ਸੋਧ ਜਾਂ ਲੋੜਵੰਦ ਖਾਦਾਂ ਦੀ ਵਰਤੋਂ ਕਰੋ। ਜੇਕਰ ਜ਼ਮੀਨ ਪੱਧਰ ਜਾਂ ਸਮਤਲ ਨਾ ਹੋਵੇ ਤਾਂ ਸਾਵਣ ਜਾਂ ਭਾਦੋਂ ਦੇ ਮਹੀਨੇ ਬਰਸਾਤ ਪੈਣ ਤੇ ਜ਼ਮੀਨ ਦੀ ਉੱਚੀ-ਨੀਵੀਂ ਜਗ੍ਹਾ ਨੂੰ ਆਸਾਨੀ ਨਾਲ ਜਾਂਚਿਆ ਜਾ ਸਕਦਾ ਹੈ ਅਤੇ ਲੋੜ ਪੈਣ ਤੇ ਮਿੱਟੀ ਪਾ ਕੇ ਜ਼ਮੀਨ ਨੂੰ ਪਲੈਨ ਦੇ ਹਿਸਾਬ ਨਾਲ ਸਮਤਲ ਬਣਾਇਆ ਜਾ ਸਕਦਾ ਹੈ।



**5. ਪਾਣੀ ਦਾ ਸਰੋਤ** : ਇਹ ਧਿਆਨ ਰੱਖਿਆ ਜਾਵੇ ਕਿ ਪਾਣੀ ਦੀ ਮਿਆਦ ਠੀਕ ਹੋਵੇ ਅਤੇ ਉਸ ਸਰੋਤ ਤੋਂ ਲਏ ਗਏ ਪਾਣੀ ਨਾਲ ਕੀਤੀ ਸਿੰਚਾਈ ਪੌਦਿਆਂ ਨੂੰ ਨੁਕਸਾਨ ਨਾ ਪਹੁੰਚਾਵੇ। ਪਾਣੀ ਦਾ ਸਰੋਤ ਲੈਂਡਸਕੇਪਿੰਗ ਹੋਣ ਵਾਲੀ ਜਗ੍ਹਾ ਦੇ ਨੇੜੇ ਹੀ ਹੋਵੇ ਤਾਂ ਜੋ ਬਿਨਾਂ ਕਿਸੇ ਵਾਧੂ ਖਰਚੇ ਤੇ ਪਾਣੀ ਦੀ ਆਸਾਨੀ ਨਾਲ ਪੌਦਿਆਂ ਤੱਕ ਪਹੁੰਚ ਕੀਤੀ ਜਾ ਸਕੇ।

**6. ਵਾੜ ਦੀ ਲੋੜ** : ਜੇਕਰ ਕਿਸੇ ਨੇ ਘਰ ਬਗੀਚੀ ਬਣਾਉਣੀ ਹੋਵੇ ਤਾਂ ਪਹਿਲਾਂ ਇਹ ਜਾਂਚ ਲਿਆ ਜਾਵੇ ਕਿ ਬਗੀਚੀ ਦੁਆਲੇ ਵਾੜ ਬੰਦੀ ਮੌਜੂਦ ਹੈ ਜਾਂ ਨਹੀਂ। ਗਾਹਕ ਦੇ ਖਰਚਾ ਕਰਨ ਦੀ ਸਥਿਤੀ ਨੂੰ ਦੇਖਦੇ ਹੋਏ ਇਹ ਵਾੜ ਤਾਰਾਂ ਨਾਲ ਜਾਂ ਕੰਡਿਆਂ ਵਾਲੇ ਪੌਦੇ (ਬੋਗਨਵੇਲ/ਦੇਸੀ ਗੁਲਾਬ/ਕਰੌਂਦਾ ਆਦਿ) ਲੱਗਾ ਕੇ ਵੀ ਕੀਤੀ ਜਾ ਸਕਦੀ ਹੈ।

**7. ਗਾਹਕ ਦੀ ਖਾਸ ਪਸੰਦ** : ਲੈਂਡਸਕੇਪਿੰਗ ਵਿਗਿਆਨਕ ਹੋਣ ਦੇ ਨਾਲ ਇੱਕ ਕਲਾ ਵੀ ਹੈ ਜਿਸ ਵਿਚ ਕਈ ਪ੍ਰਕਾਰ ਦੇ ਪੌਦੇ ਵੱਖ-ਵੱਖ ਆਕਾਰ ਵਿੱਚ ਮਿਲ ਜਾਂਦੇ ਹਨ। ਇਨ੍ਹਾਂ ਪੌਦਿਆਂ ਦੀ ਕੀਮਤ ਉਨ੍ਹਾਂ ਦੀ ਕਿਸਮ, ਆਕਾਰ ਅਤੇ ਉਮਰ ਦੇ ਲਿਹਾਜ ਨਾਲ ਵਪਾਰੀਆਂ ਵਲੋਂ ਤਹਿ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਲੈਂਡਸਕੇਪਿੰਗ ਨੂੰ ਹੋਰ ਸੋਹਣਾ ਦ੍ਰਿਸ਼ ਬਣਾਉਣ ਲਈ ਪੱਥਰ ਦੀਆਂ ਮੂਰਤੀਆਂ, ਫੁਆਰੇ, ਟਾਈਲਾਂ, ਫੈਂਸੀ ਕੁਰਸੀਆਂ ਅਤੇ ਬੈਂਚ ਆਦਿ ਵੀ ਰੱਖੇ ਜਾਂਦੇ ਹਨ। ਇਸ ਲਈ ਗਾਹਕ ਦੀ ਪਸੰਦ, ਖਰਚਾ ਕਰਨ ਦੀ ਸਮਰੱਥਾ, ਸਮਾਂ ਸੀਮਾਂ ਆਦਿ ਗੱਲਾਂ ਨੂੰ ਧਿਆਨ ਵਿਚ ਰੱਖ ਕੇ ਹੀ ਲੈਂਡਸਕੇਪਿੰਗ ਦਾ ਪਲੈਨ ਤਿਆਰ ਕਰਨਾ ਚਾਹੀਦਾ ਹੈ।

# ਫਲ੍ਹਿਆਂ ਨਾਲ ਕਣਕ ਗਾਹੁਣ ਦੀ ਇਕ ਯਾਦ

ਗੁਰਬਿੰਦਰ ਸਿੰਘ ਮਾਣਕ,
ਸੰਪਰਕ : 98153-56086

ਬਹੁਤ ਛੋਟੇ ਹੁੰਦੇ ਸਾਂ ਤਾਂ ਕਣਕਾਂ ਸਾਂਭਣ ਦੇ ਦਿਨੀਂ ਮਹੀਨਾ ਕੁ ਪਹਿਲਾਂ ਹੀ ਕਣਕ ਦੀਆਂ ਭਰੀਆਂ ਬੰਨ੍ਹਣ ਲਈ ਪਰਾਲੀ ਦੀਆਂ ਬੇੜਾਂ ਵੱਟਣ ਦਾ ਕੰਮ ਸ਼ੁਰੂ ਹੋ ਜਾਂਦਾ ਸੀ। ਸਾਰੇ ਨਿਆਣੇ ਨਿੱਕਿਆਂ ਨੂੰ ਨਾਲ ਲੈ ਕੇ ਬਾਪੂ ਜੀ ਖੂਹ 'ਤੇ ਰੁੱਖਾਂ ਦੀ ਸੰਘਣੀ ਛਾਂ ਹੇਠ ਆਪਣਾ ਡੇਰਾ ਲਾ ਲੈਂਦੇ। ਅਸੀਂ ਦੋਵੇਂ ਭਰਾ ਸਕੂਲੋਂ ਆ ਕੇ ਖੂਹ 'ਤੇ ਬਾਪੂ ਜੀ ਅਤੇ ਹੋਰ ਕਾਮਿਆਂ ਦੀ ਰੋਟੀ ਲੈ ਕੇ ਜਾਂਦੇ। ਭਾਵੇਂ ਬਹੁਤਾ ਕੰਮ ਤਾਂ ਅਸੀਂ ਨਾ ਕਰਦੇ, ਪਰ ਸਾਨੂੰ ਖੇਤਾਂ 'ਚ ਜਾਣ ਦਾ ਚਾਅ ਬਹੁਤ ਹੁੰਦਾ।



ਬੇੜ ਵੱਟਦਿਆਂ ਦੁਪਹਿਰਾ ਢਲ ਜਾਂਦਾ ਤਾਂ ਸਾਡੀ ਡਿਊਟੀ ਘਰੋਂ ਜਾ ਕੇ ਸਾਰਿਆਂ ਲਈ ਲੌਢੇ ਵੇਲੇ ਦੀ ਚਾਹ ਲਿਆਉਣ 'ਤੇ ਲੱਗ ਜਾਂਦੀ। ਚਾਚੇ ਮਨੋਹਰ ਤੇ ਹੋਰ ਕਾਮਿਆਂ ਨੇ ਪੂਰੀ ਤਾਕੀਦ ਕਰਨੀ, 'ਉਏ ਨਿੱਕਿਓ ਬੀਬੀ ਨੂੰ ਕਹਿ ਦਿਓ ਚੇਤੇ ਨਾਲ ਮਿੱਠਾ ਪੱਤੀ ਜ਼ਰਾ ਤੇਜ਼ ਹੀ ਰੱਖੇ।' ਇਕ ਵੱਡੀ ਬਾਲਟੀ 'ਚ ਅੱਗ ਪਾ ਕੇ ਉੱਤੇ ਚਾਹ ਦਾ ਵਾਹਵਾ ਭਰਿਆ ਡੋਲੂ ਰੱਖਿਆ ਜਾਂਦਾ ਤੇ ਸਾਡੇ ਨਾਲ ਸਾਥੋਂ ਵੱਡੀ ਭੈਣ ਨੂੰ ਭੇਜਿਆ ਜਾਂਦਾ ਤਾਂ ਕਿ ਅਸੀਂ ਰਾਹ 'ਚ ਕਿਤੇ ਚਾਹ ਡੋਲ੍ਹ ਨਾ ਦੇਈਏ।

ਇਨ੍ਹਾਂ ਦਿਨਾਂ 'ਚ ਸਾਨੂੰ ਸਭ ਤੋਂ ਵੱਧ ਚਾਅ ਫਲ੍ਹੇ ਉੱਤੇ ਬੈਠ ਕੇ ਫਲ੍ਹਾ ਹੱਕਣ ਦਾ ਹੁੰਦਾ ਸੀ। ਹੋਰ ਕੰਮਾਂ ਤੋਂ ਅਸੀਂ ਟਾਲਾ ਵੱਟਦੇ ਰਹਿੰਦੇ, ਪਰ ਜਦੋਂ ਵੀ ਮੌਕਾ ਲਗਦਾ ਫਲ੍ਹੇ 'ਤੇ ਜਾ ਚੜ੍ਹਦੇ। ਕਣਕ ਵੱਢਦਿਆਂ ਪੰਦਰਾਂ-ਵੀਹ ਦਿਨ ਲੱਗ ਜਾਂਦੇ। ਇਕ ਖੇਤ 'ਚ ਕਣਕ ਦੀਆਂ ਭਰੀਆਂ ਦਾ ਖਿਲਵਾੜਾ ਲੱਗ ਜਾਂਦਾ ਤਾਂ ਵਿਚਕਾਰ ਪਿੜ ਤਿਆਰ ਕਰਕੇ ਕਣਕ ਗਾਹੁਣ ਦੀ ਤਿਆਰੀ ਆਰੰਭੀ ਜਾਂਦੀ। ਫਲ੍ਹੇ ਪਹਿਲਾਂ ਹੀ ਤਿਆਰ ਕਰ ਲਏ ਜਾਂਦੇ। ਕੰਮ ਸ਼ੁਰੂ ਕਰਨ ਤੋਂ ਪਹਿਲਾਂ, ਬਾਪੂ ਜੀ ਅਰਦਾਸ ਕਰ ਕੇ ਸਾਰਿਆਂ ਨੂੰ ਗੁੜ ਦਾ ਪ੍ਰਸ਼ਾਦ ਵੰਡਦੇ। ਪਿੜ 'ਚ ਕਣਕਾਂ ਦੀਆਂ ਭਰੀਆਂ ਖਿਲਾਰ ਕੇ ਬਲਦਾਂ ਮਗਰ ਫਲ੍ਹਾ ਪਾ ਦਿੱਤਾ ਜਾਂਦਾ। ਨਾਲੋ-ਨਾਲ ਦੋ-ਤਿੰਨ ਜਣੇ ਤੰਗਲੀਆਂ ਤੇ ਸਾਂਘਿਆਂ ਨਾਲ ਕਣਕ ਦੇ ਨਾੜ ਨੂੰ ਉਲੱਦੀ ਜਾਂਦੇ ਤਾਂ ਕਿ ਸਹੀ ਤਰ੍ਹਾਂ ਨਾਲ ਫਲ੍ਹੇ ਹੇਠ ਆ ਕੇ ਲਾਣ ਦਰੜਿਆ ਜਾਵੇ। ਪਹਿਲਾਂ-ਪਹਿਲ ਤਾਂ ਕੁਝ ਸਮਾਂ ਕੋਈ ਹੰਢਿਆ ਬੰਦਾ ਹੀ ਫਲ੍ਹੇ ਨੂੰ ਰਵਾਂ ਕਰਨ ਦਾ ਕੰਮ ਕਰਦਾ। ਕਣਕ ਦੇ ਨਾੜ ਵਿਚੋਂ ਬਲਦਾਂ ਨੂੰ ਸਹੀ ਤਰੀਕੇ ਤੋਰੀ ਰੱਖਣ ਦਾ ਕੰਮ ਬਹੁਤ ਜੁਗਤ ਵਾਲਾ ਹੁੰਦਾ। ਕਿਸੇ ਅਨਾੜੀ ਤੋਂ ਤਾਂ ਕਈ ਵਾਰ ਬਲਦ ਕਾਬੂ ਨਾ ਆਉਂਦੇ ਤਾਂ ਫਲ੍ਹਾ ਪੈੜੀ ਤੋਂ ਬਾਹਰ ਨਿਕਲ ਜਾਂਦਾ।

ਸਾਡੀ ਡਿਊਟੀ ਸਾਰੇ ਕਾਮਿਆਂ ਦਾ ਲੰਗਰ ਪਾਣੀ ਲਿਆਉਣ 'ਤੇ ਲਗਦੀ। ਇਸ ਬਦਲੇ ਸਾਨੂੰ ਫਲ੍ਹੇ ਹੱਕਣ ਦਾ ਲਾਲਚ ਵੀ ਦਿੱਤਾ ਜਾਂਦਾ। ਸਾਨੂੰ ਖ਼ੁਸ਼ੀ 'ਚ ਖੀਵੇ ਹੋਇਆਂ ਨੂੰ ਏਨਾ ਚਾਅ ਹੁੰਦਾ ਕਿ ਸਾਨੂੰ ਅੰਤਾਂ ਦੀ ਧੁੱਪ ਤੇ ਤਪਸ਼ ਵੀ ਨਾ ਪੋਂਹਦੀ। ਮਾਂ ਤੇ ਭੈਣ ਸਵੇਰ ਤੋਂ ਹੀ ਲੰਗਰ ਤਿਆਰ ਕਰਨ 'ਚ ਜੁਟ ਜਾਂਦੀਆਂ। ਦਾਲ-ਸਬਜ਼ੀ ਦੇ ਨਾਲ ਘਿਉ-ਸ਼ੱਕਰ ਰਲਾ ਕੇ ਵੀ ਭੇਜਿਆ ਜਾਂਦਾ ਤਾਂ ਕਿ ਕਾਮਿਆਂ ਨੂੰ ਘੱਟ-ਮਿੱਟੀ ਤੋਂ ਕੁਝ ਰਾਹਤ ਮਿਲ ਸਕੇ। ਉਂਜ ਪਾਣੀ ਪੀਣ ਸਮੇਂ ਵੀ ਕਾਮੇ ਗੁੜ ਦੀ ਡਲੀ ਨਾਲ ਜ਼ਰੂਰ ਖਾਂਦੇ। ਕਈ ਵਾਰ ਬਾਪੂ ਹੋਰਾਂ ਨੇ ਸੁਗਲ-ਸੁਗਲ 'ਚ ਕਿਸੇ ਕਾਮੇ ਨੂੰ ਝਿੜਕ ਵੀ ਦੇਣਾ, 'ਤੂੰ ਸਾਲਿਆ ਹਰ ਵਾਰੀ ਪਾਣੀ ਪੀਣ ਲੱਗਾ ਗੁੜ ਦੀ ਪੇਸੀ ਫੜ ਲਿਆ ਕਰ....।' ਅੱਗੋਂ ਕਾਮੇ ਨੇ ਵੀ ਹੱਸ ਕੇ ਟਾਲ ਦੇਣਾ ਤੇ ਕਦੇ ਗੁੱਸਾ ਨਾ ਕਰਨਾ। ਪਹਾੜੀਆਂ ਦਾਸ ਤਾ ਜਿਵੇਂ ਸਾਡੇ ਘਰ ਦਾ ਹੀ ਮੈਂਬਰ ਸੀ। ਸਾਥੋਂ ਵੱਡਾ ਹੋਣ ਕਰਕੇ ਅਸੀਂ ਸਾਰੇ ਉਸ ਨੂੰ ਭਾਅ ਜੀ ਕਹਿੰਦੇ। ਕਦੇ ਰੋਟੀ ਲੇਟ ਹੋ ਜਾਂਣੀ ਤਾਂ ਉਸ ਨੇ ਰੁੱਸ ਜਾਣਾ। ਬਾਪੂ ਜੀ ਨੇ ਉਸ ਨੂੰ ਮਨਾ ਕੇ ਲਿਆਉਣਾ ਤੇ ਉਸ ਨੂੰ ਕਹਿਣਾ, 'ਪੁੱਤ ਜਿੰਨਾ ਚਿਰ ਤੂੰ ਰੋਟੀ ਨਹੀਂ ਖਾਂਦਾ, ਓਨਾ ਚਿਰ ਮੈਂ ਵੀ ਨਹੀਂ ਖਾਣੀ। ਕਣਕਾਂ ਦੇ ਦਿਨੀਂ ਤਾਂ ਸਾਰੇ ਇਕ ਪਰਿਵਾਰ ਦੀ ਤਰ੍ਹਾਂ ਕੰਮ ਕਰਦੇ। ਇਕ-ਦੂਜੇ ਨਾਲ ਹੱਥ ਵਟਾਉਣ ਲਈ ਆਵਤ ਦਾ ਰਿਵਾਜ ਵੀ ਸੀ। ਆਵਤੀਆਂ ਦੀ ਚੰਗੀ ਸੇਵਾ ਕੀਤੀ ਜਾਂਦੀ।

ਤਿੱਖੀ ਧੁੱਪ ਕਰਕੇ ਬਾਪੂ ਜੀ ਨੇ ਸਾਨੂੰ ਫਲ੍ਹੇ 'ਤੇ ਚੜ੍ਹਨੋਂ ਵਰਜਣਾ ਤੇ ਠੰਢੇ ਹੋਏ ਫਲ੍ਹਾ ਹੱਕਣ ਲਈ ਲਈ ਕਹਿਣਾ। ਸਾਡੇ ਅਫ਼ਸੋਸੇ ਜਿਹੇ ਮੂੰਹ ਦੇਖ ਕੇ ਚਾਚੇ ਮਨੋਹਰ ਨੇ ਸਾਨੂੰ ਵਾਰੀ-ਵਾਰੀ ਫਲ੍ਹੇ 'ਤੇ ਬਿਠਾਲ ਦੇਣਾ। ਕੁਝ ਗੇੜੇ ਤਾਂ ਖ਼ੁਸ਼ੀ-ਖ਼ੁਸ਼ੀ ਲੰਘ ਜਾਣੇ, ਪਰ ਛੇਤੀ ਹੀ ਤੇਜ਼ ਧੁੱਪ, ਵਗਦੀ ਲੋਅ, ਘੱਟਾ-ਮਿੱਟੀ ਤੇ ਕਣਕ ਦੀ ਕੰਡ ਨੇ ਸਾਡਾ ਬੁਰਾ ਹਾਲ ਕਰ ਦੇਣਾ। ਅਸੀਂ ਆਲਾ-ਦੁਆਲਾ ਝਾਕਣਾ ਤੇ ਪਾਣੀ ਪੀਣ ਦਾ ਬਹਾਨਾ ਕਰਨਾ। ਬਾਪੂ ਜੀ ਨੇ ਮਿੱਠੀਆਂ-ਮਿੱਠੀਆਂ ਝਿੜਕਾਂ ਦੇਈ ਜਾਣੀਆਂ ਤੇ ਨਾਲੇ ਕਹੀ ਜਾਣਾ, 'ਕੋਈ ਨਹੀਂ ਪੁੱਤਰੋ...ਥੋੜ੍ਹਾ ਜਿਹਾ ਹੋਰ ਚਾਅ ਲਾਹ ਲਓ.... ਤੁਹਾਨੂੰ ਵੀ ਪਤਾ ਲੱਗੇ ਜ਼ਿਮੀਦਾਰ ਦੀ ਜੂਨ ਕਿਹੋ ਜਿਹੀ ਹੁੰਦੀ ਆ.... ਇਸੇ ਲਈ ਤੁਹਾਨੂੰ ਵਾਰ-ਵਾਰ ਕਹਿਨੇ ਆਂ ਪੜ੍ਹ ਲਓ, ਜਿਨ੍ਹਾਂ ਪੜ੍ਹ ਹੁੰਦਾ। ਏਨੇ ਚਿਰ ਨੂੰ ਲੌਢੇ ਵੇਲੇ ਦੀ ਚਾਹ ਦਾ ਸਮਾਂ ਹੋ ਜਾਂਦਾ ਤਾਂ ਘਰੋਂ ਚਾਹ ਲਿਆਉਣ ਕਰਕੇ ਸਾਡਾ ਛੁਟਕਾਰਾ ਹੋ ਜਾਂਦਾ। ਧੰਨ ਸਨ ਉਨ੍ਹਾਂ ਸਮਿਆਂ ਦੇ ਲੋਕ ਜਿਹੜੇ ਸਖਤ ਮੁਸ਼ੱਕਤ ਕਰਕੇ ਵੀ ਰੱਬ ਦਾ ਸ਼ੁਕਰ ਕਰਦੇ ਸਨ। ਪੰਦਰਾਂ-ਵੀਹ ਦਿਨ ਕਣਕ ਗਾਹੁੰਦਿਆਂ ਲੱਗ ਜਾਂਦੇ।

ਇਸ ਉਪਰੰਤ ਉਡਾਵੇ ਛੱਜਾਂ ਨਾਲ ਕਣਕ ਉਡਾਉਂਦੇ ਤੇ ਤੂੜੀ ਤੇ ਕਣਕ ਵੱਖ-ਵੱਖ ਕਰਦੇ। ਹਵਾ ਸਹੀ ਰੁਖ ਚਲਦੀ ਰਹਿੰਦੀ ਤਾਂ ਉਡਾਵਿਆਂ ਦਾ ਕੰਮ ਵੀ ਨਿਰਵਿਘਨ ਚਲਦਾ ਰਹਿੰਦਾ, ਨਹੀਂ ਤਾਂ ਕਈ ਵਾਰ ਸਾਰਾ ਦਿਨ ਹੀ ਹਵਾ ਉਡੀਕਦਿਆਂ ਲੰਘ ਜਾਂਦਾ ਤੇ ਕਾਮੇ ਵਿਹਲੇ ਬੈਠੇ ਰਹਿੰਦੇ। ਪੰਦਰਾਂ ਦਿਨਾਂ ਤੋਂ ਵੀ ਵੱਧ ਸਮਾਂ ਕਣਕ ਦੀ ਉਡਾਈ ਕਰਦਿਆ ਲੱਗ ਜਾਂਦਾ। ਸੁੱਖੀ-ਸਵੀਲੀਂ ਕਣਕ ਘਰ ਪਹੁੰਚ ਜਾਂਦੀ ਤਾਂ ਬਾਪੂ ਜੀ ਮੋਰਚਾ ਫਤਹਿ ਹੋਇਆ ਸਮਝ ਕੇ ਰੱਬ ਦਾ ਸ਼ੁਕਰ ਮਨਾਉਂਦੇ। ਅਜੇ ਤੂੜੀ ਸਾਂਭਣ ਦਾ ਕੰਮ ਪਿਆ ਹੁੰਦਾ। ਪੰਦਰਾਂ ਦਿਨ ਤੂੜੀ ਦੇ ਕੁੱਪ ਬਣਾਉਂਦਿਆਂ ਲੰਘ ਜਾਂਦੇ। ਅਜੋਕੇ ਸਮਿਆਂ 'ਚ ਤਾਂ ਕਣਕ ਕੁਝ ਘੰਟਿਆਂ 'ਚ ਹੀ ਸਾਂਭੀ ਜਾਂਦੀ ਹੈ। ਕਾਹਲੀ ਏਨੀ ਕੀਤੀ ਜਾਂਦੀ ਹੈ ਕਿ ਕਈ ਵਾਰ ਤਾਂ ਹਰਗੰਢ ਜਿਹੀ ਕੰਬਾਈਨ ਨਾਲ ਵਢਾ ਲਈ ਜਾਂਦੀ ਹੈ। ਉਨ੍ਹਾਂ ਸਮਿਆਂ 'ਚ ਕੋਈ ਕਾਹਲ ਨਹੀਂ ਹੁੰਦੀ ਸੀ, ਮਹੀਨਾ/ਡੇਢ ਮਹੀਨਾ ਕਣਕ ਸਾਂਭਦਿਆਂ ਲੱਗ ਜਾਂਦਾ ਸੀ। ਸਮਾਂ ਬਹੁਤ ਬਦਲ ਗਿਆ ਹੈ, ਪਰ ਕਿਸਾਨ ਤੇ ਕਿਸਾਨੀ ਦੇ ਹਾਲਾਤ ਬਹੁਤੇ ਨਹੀਂ ਬਦਲੇ।



ਜਗਜੀਤ ਸਿੰਘ ਝੱਤਰਾ,
ਪੰਜਾਬੀ ਲਿਖਾਰੀ ਸਭਾ, ਪਿੰਡ ਝੱਤਰੇ,
ਤਹਿ. ਜ਼ੀਰਾ, ਜ਼ਿਲਾ ਫਿਰੋਜ਼ਪੁਰ-152028
ਮੋ: 7814490249

## ਦਰਦ

ਹੰਝੂ ਵੇਖ ਅੱਜ ਕਿਸੇ ਦੁੱਖੀ ਦੇ
ਦਿਲੋਂ ਮਹਿਸੂਸ ਕਰ ਦੁੱਖ ਦਰਦਾਂ।
ਕਿੰਝ ਦਬਾਉਂਦੇ ਲੋਕ ਸਦਾ ਸੱਚ ਨੂੰ
ਕਾਹਦਾ ਮੇਹਣਾ ਬਹਾਦਰ ਮਰਦਾਂ ਨੂੰ।
ਮੰਜ਼ਲ ਵਿਚ ਰਸਤੇ ਸਿੱਧੇ ਕਰਨੇ ਪੈਂਦੇ,
ਝਲਣਾ ਪੈਂਦਾ ਦੁੱਖ ਤੇ ਕਸ਼ਟਾਂ ਨੂੰ।
ਵਿਛੜੇ ਮਿਲੇ ਆਂ ਕਈ ਯੁੱਗਾਂ ਤੋਂ
ਯਾਦ ਰੱਖੀ ਕੀਮਤੀ ਕਦਰਾਂ।
ਠੰਢੀ ਜਿਹੀ ਦਵਾ ਦੇ ਜਗਜੀਤ
ਮੱਲਮ ਲਾ ਅੱਲ੍ਹੇ ਜ਼ਖਮਾਂ ਨੂੰ।

## ਮੌਤ ਸੱਚ ਹੈ

ਮੁਸ਼ਕਲਾਂ ਵਿਚ ਰਾਹਾਂ ਹੁੰਦੀਆਂ,
ਹੁੰਦੇ ਨੇ ਕੱਚੀ ਰਾਹੀਂ ਕੰਡ ਮੀਆਂ।
ਕੱਪ ਤਿੜਕ ਜਾਂਦਾ ਪ੍ਰੇਮ ਭਰਿਆ,
ਨਫਰਤ ਦੀ ਮੱਖੀ ਡਿੱਗ ਮੀਆਂ।
ਦੁੱਖੀ ਕੀਤਾ ਯਾਦਾਂ ਤੇਰੀਆਂ ਨੇ,
ਤੇਰੇ ਦਰਦ ਮੇਰੇ ਸਾਹ ਮੀਆਂ।
ਮਨ ਡੁੱਬਿਆ ਵਿਚ ਸਾਗਰਾਂ ਦੇ,
ਯਾਦ ਆਉਂਦੇ ਤੇਰੇ ਬੋਲ ਮੀਆਂ।
ਦਿਲ ਦੇ ਨੁੱਕਰੇ ਪਈ ਯਾਦ ਤੇਰੀ,
ਕੱਢ ਮੁੜਨਾ ਜਾਣਾ ਸੀ ਦੱਸ ਮੀਆਂ।
ਜੀਣਾ ਝੂਠ ਹੈ ਸੱਚ ਮੌਤ ਹੁੰਦੀ,
ਜਗਜੀਤ ਵਾਰੀ ਤੁਰ ਜਾਣਾ ਮੀਆਂ।

ਬਾਕੀ ਸਫਾ 3 ਦੀ

# ਮੱਕੀ, ਬਾਜਰਾ, ਦਾਲਾਂ ਅਤੇ ਬਾਸਮਤੀ ਹੇਠ ਰਕਬੇ ਵਿੱਚ ਵਾਧੇ ਦੀ ਲੋੜ

ਜਾ ਸਕੇ। ਇੰਝ ਅਸੀਂ ਖੇਤੀ ਵਿਚ ਰਸਾਇਣਾਂ ਦੀ ਵਰਤੋਂ ਵੀ ਘਟ ਕਰ ਸਕਦੇ ਹਾਂ, ਕਿਉਂਕਿ ਇਨ੍ਹਾਂ ਦੀ ਵਰਤੋਂ ਨੂੰ ਘੱਟ ਕਰਨਾ ਜ਼ਰੂਰੀ ਹੋ ਗਿਆ ਹੈ। ਮਾਂਹ ਤਾਂ ਘਾਹ ਵਰਗੇ ਨਦੀਨ ਉੱਤੇ ਵੀ ਕਾਬੂ ਪਾ ਲੈਂਦੇ ਹਨ। ਇਕ ਪ੍ਰਸਿੱਧ ਅਖਾਣ ਹੈ :

ਜਟ ਕੀ ਜਾਣੇ ਰਾਹ ਨੂੰ, ਮਾਂਹ ਕੀ ਜਾਣੇ ਘਾਹ ਨੂੰ।

ਕੁਝ ਸਾਲ ਪਹਿਲਾਂ ਤਕ ਸਾਰੇ ਪੰਜਾਬੀ ਕਿਸਾਨ ਮਾਂਹ ਤੇ ਮੂੰਗੀ ਦੀ ਕਾਸ਼ਤ ਘਰ ਦੀ ਲੋੜ ਪੂਰੀ ਕਰਨ ਲਈ ਕਰਦੇ ਸਨ। ਘਰ ਦੇ ਮਾਂਹ ਤੇ ਮੂੰਗੀ ਦੀ ਦਾਲ ਦਾ ਸੁਆਦ ਹੀ ਵੱਖਰਾ ਹੁੰਦਾ ਹੈ। ਸਿੰਚਾਈ ਸਹੂਲਤਾਂ ਨਾਲ ਝੋਨੇ ਹੇਠ ਰਕਬੇ ਵਿਚ ਵਾਧੇ ਕਾਰਨ ਕਿਸਾਨਾਂ ਨੇ ਇਨ੍ਹਾਂ ਦਾਲਾਂ ਦੀ ਕਾਸ਼ਤ ਕਰਨੀ ਲਗਭਗ ਬੰਦ ਹੀ ਕਰ ਦਿੱਤੀ ਹੈ। ਇਹ ਮੰਨਿਆ ਜਾਂਦਾ ਹੈ ਕਿ ਵਧ ਮੀਂਹ ਪੈਣ ਨਾਲ ਫਸਲ ਖਰਾਬ ਹੋ ਜਾਂਦੀ ਹੈ। ਜੇਕਰ ਫਸਲ ਖਰਾਬ ਹੋ ਵੀ ਜਾਵੇ ਤਾਂ ਇਸ ਨੂੰ ਸਬਜ਼ ਖਾਦ ਦੇ ਰੂਪ ਵਿਚ ਵਾਹ ਦੇਣਾ ਚਾਹੀਦਾ ਹੈ। ਇਨ੍ਹਾਂ ਦੀ ਕੀਮਤ ਅਸਮਾਨ ਨੂੰ ਛੂਹ ਰਹੀ ਹੈ। ਇਸ ਕਰਕੇ ਘਰ ਦੀ ਲੋੜ ਪੂਰੀ ਕਰਨ ਲਈ ਇਨ੍ਹਾਂ ਦੀ ਬਿਜਾਈ ਜ਼ਰੂਰ ਕਰੋ। ਮਾਂਹ ਅਤੇ ਮੂੰਗੀ ਦੀ ਬਿਜਾਈ ਜੁਲਾਈ ਦੇ ਦੂਜੇ ਪੰਦਰਵਾੜੇ ਵਿਚ ਕੀਤੀ ਜਾ ਸਕਦੀ ਹੈ। ਇਸ ਮੌਸਮ ਵਿਚ ਕਾਸ਼ਤ ਲਈ ਐਮ ਐਲ 1808, ਐਮ ਐੱਲ 2056 ਮੂੰਗੀ ਦੀਆਂ ਕਿਸਮਾਂ ਦੀ ਸਿਫਾਰਸ਼ ਕੀਤੀ ਗਈ ਹੈ। ਇਹ ਕਿਸਮਾਂ 70 ਦਿਨਾਂ ਵਿਚ ਪੱਕ ਕੇ ਤਿਆਰ ਹੋ ਜਾਂਦੀਆਂ ਹਨ। ਜੇਕਰ ਚੰਗੀ ਫਸਲ ਹੋਵੇ ਤਾਂ ਪੰਜ ਕੁਇੰਟਲ ਤੱਕ ਝਾੜ ਪ੍ਰਾਪਤ ਕੀਤਾ ਜਾ ਸਕਦਾ ਹੈ। ਇਨ੍ਹਾਂ ਦਾ 8 ਕਿਲੋ ਬੀਜ ਪ੍ਰਤੀ ਏਕੜ ਪਾਇਆ ਜਾਵੇ। ਬਿਜਾਈ ਸਮੇਂ ਲਾਈਨਾਂ ਵਿਚਕਾਰ 30 ਅਤੇ ਬੂਟਿਆਂ ਵਿਚਕਾਰ 10 ਸੈਂਟੀਮੀਟਰ ਦਾ ਫਾਸਲਾ ਰੱਖਿਆ ਜਾਵੇ। ਬਿਜਾਈ 11 ਕਿਲੋ ਯੂਰੀਆ ਅਤੇ 100 ਕਿਲੋ ਸੁਪਰਫਾਸਫੇਟ ਪ੍ਰਤੀ ਏਕੜ ਪਾਇਆ ਜਾ ਸਕਦਾ ਹੈ। ਬਿਜਾਈ ਤੋਂ ਕੋਈ ਚਾਰ ਹਫਤਿਆਂ ਪਿੱਛੋਂ ਪਹਿਲੀ ਗੋਡੀ ਕਰ ਦੇਣੀ ਚਾਹੀਦੀ ਹੈ। ਮੂੰਗੀ ਦੇ ਬੀਜ ਨੂੰ ਰਾਈਜ਼ੋਬੀਅਮ ਦਾ ਟੀਕਾ ਵੀ ਲਗਾਉਣਾ ਚਾਹੀਦਾ ਹੈ।

ਇਸ ਮੌਸਮ ਵਿਚ ਕਾਸ਼ਤ ਲਈ ਮਾਹਾਂ ਦੀਆਂ ਮਾਂਹ 883 ਅਤੇ ਮਾਂਹ 114 ਕਿਸਮਾਂ ਦੀ ਸਿਫਾਰਸ਼ ਕੀਤੀ ਗਈ ਹੈ। ਇਹ ਕਿਸਮਾਂ ਤਿਆਰ ਹੋਣ ਵਿਚ ਕੋਈ 80 ਦਿਨ ਲੈਂਦੀਆਂ ਹਨ। ਮਾਹਾਂ ਵਿਚ ਕੋਈ 24 ਪ੍ਰਤੀਸ਼ਤ ਪ੍ਰੋਟੀਨ ਹੁੰਦੀ ਹੈ। ਇਕ ਏਕੜ ਲਈ 8 ਕਿਲੋ ਬੀਜ ਦੀ ਸਿਫਾਰਸ਼ ਕੀਤੀ ਗਈ ਹੈ। ਬਿਜਾਈ ਸਮੇਂ



ਲਾਈਨਾਂ ਵਿਚਕਾਰ 30 ਸੈਂਟੀਮੀਟਰ ਦਾ ਫਾਸਲਾ ਰੱਖਿਆ ਜਾਵੇ। ਬੀਜ ਸਿਹਤਮੰਦ ਤੇ ਮੋਟਾ ਹੋਣਾ ਚਾਹੀਦਾ ਹੈ। ਮਾਂਹ ਮੱਕੀ ਵਿਚ ਵੀ ਬੀਜੇ ਜਾ ਸਕਦੇ ਹਨ।

ਮਾਹਾਂ ਦੀ ਚੰਗੀ ਫਸਲ ਲਈ ਬਿਜਾਈ ਸਮੇਂ 11 ਕਿਲੋ ਯੂਰੀਆ ਅਤੇ 60 ਕਿਲੋ ਸੁਪਰਫਾਸਫੇਟ ਪ੍ਰਤੀ ਏਕੜ ਪਾ ਦੇਣੀ ਚਾਹੀਦੀ ਹੈ। ਫਸਲਾਂ ਦੀ ਕਟਾਈ ਉਦੋਂ ਕਰੋ ਜਦੋਂ ਬਹੁਤ ਸਾਰੀਆਂ ਫਲੀਆਂ ਪੱਕ ਜਾਣ। ਇਕ ਏਕੜ ਵਿਚ ਚਾਰ ਕੁਇੰਟਲ ਝਾੜ ਪ੍ਰਾਪਤ ਹੋ ਜਾਂਦਾ ਹੈ। ਇਨ੍ਹਾਂ ਫਸਲਾਂ ਹੇਠ ਰਕਬੇ ਵਿਚ ਵਾਧਾ ਕਰਕੇ ਝੋਨੇ ਹੇਠ ਰਕਬਾ ਘੱਟ ਕੀਤਾ ਜਾ ਸਕਦਾ ਹੈ।

# ਰੁੱਖਾਂ ਤੇ ਮਨੁੱਖਾਂ ਦਾ ਅਟੁੱਟ ਰਿਸ਼ਤਾ

ਭਾਰਤ ਵਿਚ ਅਣਗਿਣਤ ਫੈਕਟਰੀਆਂ, ਗੱਡੀਆਂ ਅਤੇ ਖੇਤਾਂ ਦੀ ਅੱਗ ਆਦਿ ਕਾਰਨ ਹਰ ਸਾਲ ਕਰੋੜਾਂ ਟਨ ਕਾਰਬਨ ਡਾਇਆਕਸਾਈਡ, ਕਾਰਬਨ ਮੋਨੋਆਕਸਾਈਡ ਅਤੇ ਹੋਰ ਗ੍ਰੀਨ ਹਾਊਸ ਗੈਸਾਂ ਪੈਦਾ ਹੋ ਰਹੀਆਂ ਹਨ ਜੋ ਵਾਤਾਵਰਨ ਲਈ ਅਤਿਅੰਤ ਘਾਤਕ ਹਨ। ਇਸ ਕਾਰਨ ਸਾਲ ਦਰ ਸਾਲ ਗਰਮੀ ਵਧਦੀ ਜਾ ਰਹੀ ਹੈ ਤੇ ਬਾਰਿਸ਼ ਘਟਦੀ ਅਤੇ ਬੇਯਕੀਨੀ ਹੁੰਦੀ ਜਾ ਰਹੀ ਹੈ। ਇਕ ਰਾਜ ਵਿਚ ਸੋਕਾ ਪੈ ਜਾਂਦਾ ਹੈ ਤੇ ਦੂਸਰੇ ਵਿਚ ਹੜ੍ਹ ਆ ਜਾਂਦੇ ਹਨ। ਪਰ ਸਭ ਤੋਂ ਜ਼ਿਆਦਾ ਕਹਿਰ ਦੀ ਗੱਲ ਇਹ ਹੈ ਕਿ ਇਸ ਸਭ ਤੋਂ ਕੋਈ ਸਬਕ ਸਿੱਖਣ ਦੀ ਬਜਾਏ ਅਸੀਂ ਧੜਾਧੜ ਆਪਣੇ ਬਚੇ ਖੁਚੇ ਜੰਗਲਾਂ ਨੂੰ ਵੱਢ ਰਹੇ ਹਾਂ। ਸਾਨੂੰ ਇਹ ਸਮਝਣਾ ਪਵੇਗਾ ਕਿ ਰੁੱਖ ਨਾ ਬਚੇ ਤਾਂ ਮਨੁੱਖ ਦੀ ਹੋਂਦ ਖਤਰੇ 'ਚ ਪੈ ਜਾਵੇਗੀ।

ਇਸ ਵੇਲੇ ਵਾਤਾਵਰਨ ਸਬੰਧੀ ਦੋ ਪ੍ਰਮੁੱਖ ਮੁੱਦੇ ਚਰਚਾ ਦਾ ਵਿਸ਼ਾ ਬਣੇ ਹੋਏ




ਹਨ। ਪਹਿਲਾਂ ਲੱਦਾਖ ਦੀ ਕੁਦਰਤੀ ਸੰਪਦਾ ਨੂੰ ਬਚਾਉਣ ਖਾਤਰ ਵਿਸ਼ਵ ਪ੍ਰਸਿੱਧ ਬੁੱਧੀਜੀਵੀ ਅਤੇ ਵਾਤਾਵਰਨ ਪ੍ਰੇਮੀ ਸੋਨਮ ਵਾਂਗਚੁੱਕ (ਜਿਸ ਦਾ ਕਿਰਦਾਰ ਸੁਪਰ ਹਿੱਟ ਹਿੰਦੀ ਫਿਲਮ ਥ੍ਰੀ ਇਡੀਅਟਸ ਵਿਚ ਆਮਿਰ ਖਾਨ ਨੇ ਨਿਭਾਇਆ ਸੀ) ਵੱਲੋਂ 21 ਦਿਨ ਤੱਕ ਕੜਾਕੇ ਦੀ ਸਰਦੀ ਵਿਚ ਕੀਤੀ ਗਈ ਭੁੱਖ ਹੜਤਾਲ ਅਤੇ ਦੂਸਰਾ ਛੱਤੀਸਗੜ੍ਹ ਵਿਖੇ ਆਦਿਵਾਸੀਆਂ ਵੱਲੋਂ ਹਸਦਿਉ ਜੰਗਲ ਨੂੰ ਬਚਾਉਣ ਲਈ ਕੀਤਾ ਜਾ ਰਿਹਾ ਸੰਘਰਸ਼। ਹਸਦਿਉ ਜੰਗਲ ਨੂੰ ਕੋਲਾ ਕੱਢਣ ਲਈ ਇਕ ਕੰਪਨੀ ਨੂੰ ਸੌਂਪ ਦਿੱਤਾ ਗਿਆ ਹੈ ਜਿਸ ਨੇ ਜੰਗਲ ਦੀ ਬੇਰਹਿਮੀ ਨਾਲ ਕਟਾਈ ਸ਼ੁਰੂ ਕਰ ਦਿੱਤੀ ਹੈ। ਵਰਨਣਯੋਗ ਹੈ ਕਿ ਇਸ ਜੰਗਲ ਵਿਚ ਆਦਿਵਾਸੀਆਂ ਦੇ ਦਰਜਨਾਂ ਪਿੰਡ ਤੇ ਬਸਤੀਆਂ ਹਨ ਜੋ ਆਪਣੇ ਗੁਜ਼ਾਰੇ ਲਈ ਪੂਰੀ ਤਰ੍ਹਾਂ ਇਸ ਸਦੀਆਂ ਪੁਰਾਣੇ ਜੰਗਲ 'ਤੇ ਨਿਰਭਰ ਹਨ। ਪਰ ਸਰਕਾਰ ਨੇ ਨਾ ਤਾਂ ਵਾਂਗਚੁੱਕ ਦੀ ਭੁੱਖ ਹੜਤਾਲ ਨੂੰ ਗੌਲਿਆਂ ਤੇ ਨਾ ਹੀ ਆਦਿ ਵਾਸੀਆਂ ਦੀ ਕਿਸੇ ਨੇ ਸਾਰ ਲਈ ਹੈ। ਜੇ ਜੰਗਲ ਬਚਾਉਣੇ ਹਨ ਤਾਂ ਸਾਨੂੰ ਬਿਸ਼ਨੋਈਆਂ ਨਾਲ ਵਾਪਰੇ ਖੇਜੜਲੀ ਕਾਂਡ ਅਤੇ ਚਿਪਕੋ ਅੰਦੋਲਨ ਤੋਂ ਸੇਧ ਲੈਣੀ ਪਵੇਗੀ।

ਚਿਪਕੋ ਅੰਦੋਲਨ 1970 ਵਿਆਂ ਵਿਚ ਮੌਜੂਦਾ ਉੱਤਰਾਖੰਡ (ਉਸ ਵੇਲੇ ਯੂਪੀ) ਵਿਚ ਰੁੱਖਾਂ ਦੀ ਕਟਾਈ ਤੇ ਖਣਿਜ ਪਦਾਰਥ ਕੱਢਣ ਕਾਰਨ ਪਰਬਤਾਂ ਦੀ ਬਰਬਾਦੀ ਰੋਕਣ ਲਈ ਸ਼ੁਰੂ ਹੋਇਆ ਸੀ। ਇਹ ਏਨੀ ਸ਼ਿੱਦਤ ਨਾਲ ਲੜਿਆ ਗਿਆ ਸੀ ਕਿ ਆਖਰ ਸਰਕਾਰ ਨੂੰ ਹਾਰ ਮੰਨਣੀ ਪਈ ਸੀ। ਚਿਪਕੋ ਅੰਦੋਲਨ ਵਿਚ ਲੋਕ ਰੁੱਖਾਂ ਨੂੰ ਬਚਾਉਣ ਵਾਸਤੇ ਉਨ੍ਹਾਂ ਨਾਲ ਚਿਪਕ ਜਾਂਦੇ ਸਨ। ਅੰਗਰੇਜ਼ ਰਾਜ ਤੋਂ ਲੈ ਕੇ ਚਿਪਕੋ ਅੰਦੋਲਨ ਸ਼ੁਰੂ ਹੋਣ ਤੱਕ ਉੱਤਰਾਖੰਡ ਦੇ ਜੰਗਲਾਂ ਨੂੰ ਵੱਢਣ ਅਤੇ ਖਣਿਜ ਪਦਾਰਥਾਂ ਦੀ ਮਾਈਨਿੰਗ ਕਰਨ ਲਈ ਸਰਕਾਰ ਠੇਕੇ ਦਿੰਦੀ ਸੀ ਤਾਂ ਜੋ ਮੋਟਾ ਮਾਲ ਕਮਾਇਆ ਜਾ ਸਕੇ। ਪਰ ਹੌਲੀ-ਹੌਲੀ ਇਸ ਦੇ ਭਿਆਨਕ ਨਤੀਜੇ ਸਾਹਮਣੇ ਆਉਣ ਲੱਗ ਪਏ। ਪਾਣੀ ਦੇ ਸੈਂਕੜੇ ਚਸ਼ਮੇ ਸੁੱਕ ਗਏ ਤੇ ਰੁੱਖਾਂ ਤੋਂ ਖਾਲੀ ਹੋ ਚੁੱਕੇ ਪਰਬਤਾਂ 'ਤੇ ਜ਼ਮੀਨ ਖਿਸਕਣ ਦੀਆਂ ਘਟਨਾਵਾਂ ਸ਼ੁਰੂ ਹੋ ਗਈਆਂ। 13 ਜੁਲਾਈ 1970 ਨੂੰ ਅਜਿਹੇ ਹੀ ਇਕ ਜ਼ਮੀਨ ਖਿਸਕਣ ਦੇ ਮਾਮਲੇ ਨੇ ਅਲਕਨੰਦਾ ਨਦੀ ਦਾ ਪ੍ਰਵਾਹ ਰੋਕ ਦਿੱਤਾ ਜਿਸ ਕਾਰਨ ਅਜਿਹਾ ਭਿਆਨਕ ਹੜ੍ਹ ਆਇਆ ਕਿ ਬਦਰੀਨਾਥ ਤੋਂ ਲੈ ਕੇ 320 ਕਿਲੋਮੀਟਰ ਦੂਰ ਹਰਿਦੁਆਰ ਤੱਕ ਤਬਾਹੀ ਮੱਚ ਗਈ। ਇਸ ਕੁਦਰਤੀ ਕਰੋਪੀ ਕਾਰਨ ਹਜ਼ਾਰਾਂ ਲੋਕ ਮਾਰੇ ਗਏ ਤੇ ਸੈਂਕੜੇ ਪਿੰਡ, ਪੁੱਲ ਅਤੇ ਸੜਕਾਂ ਪਾਣੀ ਵਿਚ ਸਮਾ ਗਏ।

ਇਸ 'ਤੇ ਪਹਾੜੀ ਲੋਕਾਂ ਨੇ ਵਾਤਾਵਰਨ ਪ੍ਰੇਮੀ ਸੁੰਦਰ ਲਾਲ ਬਹੁਗੁਣਾ ਦੀ ਅਗਵਾਈ ਹੇਠ ਧਰਨੇ ਪ੍ਰਦਰਸ਼ਨ ਕਰਨੇ ਸ਼ੁਰੂ ਕਰ ਦਿੱਤੇ ਪਰ ਇਸ ਦਾ ਸਰਕਾਰ 'ਤੇ ਕੋਈ ਅਸਰ ਨਾ ਹੋਇਆ। 1973 ਵਿਚ ਇਹ ਫੈਸਲਾ ਲਿਆ ਗਿਆ ਕਿ ਧਰਨੇ ਪ੍ਰਦਰਸ਼ਨ ਕਰਨ ਦੀ ਬਜਾਏ ਸਿੱਧਾ ਐਕਸ਼ਨ ਲਿਆ ਜਾਵੇ ਤੇ ਪਹਿਲਾ ਐਕਸ਼ਨ 24 ਅਪ੍ਰੈਲ 1973 ਨੂੰ ਹੋਇਆ। ਢੋਲ ਵਜਾ ਰਹੇ ਅੰਦੋਲਨਕਾਰੀਆਂ ਨੇ ਗੋਪੇਸ਼ਵਰ ਇਲਾਕੇ ਵਿਚ ਲੱਕੜ ਵੱਢ ਰਹੇ ਠੇਕੇਦਾਰ ਦੇ ਕਰਿੰਦਿਆਂ ਨੂੰ ਘੇਰ ਲਿਆ ਤੇ ਭੱਜਣ ਲਈ ਮਜਬੂਰ ਕਰ ਦਿੱਤਾ। ਕਰੀਬ ਡੇਢ ਮਹੀਨੇ ਦੇ ਸੰਘਰਸ਼ ਤੋਂ ਬਾਅਦ ਮਜਬੂਰ ਹੋ ਕੇ ਸਰਕਾਰ ਨੇ ਉਹ ਠੇਕਾ ਕੈਂਸਲ ਕਰ ਦਿੱਤਾ। ਇਸ ਸਫਲਤਾ ਕਾਰਨ ਲੋਕਾਂ ਦਾ ਉਤਸ਼ਾਹ ਵਧ ਗਿਆ ਤੇ ਇਹ ਲਹਿਰ ਸਾਰੇ ਉੱਤਰਾਖੰਡ ਵਿਚ ਫੈਲ ਗਈ। ਉਨ੍ਹਾਂ ਵੱਲੋਂ ਲੱਕੜ ਵੱਢਣ ਦੇ ਸਾਰੇ ਠੇਕੇ ਕੈਂਸਲ ਕਰਨ ਦੀ ਮੰਗ ਸ਼ੁਰੂ ਕਰ ਦਿੱਤੀ ਗਈ। ਜਦੋਂ ਸਰਕਾਰ ਨਾ ਮੰਨੀ ਤਾਂ ਸੁੰਦਰ ਲਾਲ ਬਹੁਗੁਣਾ ਨੇ ਚਿਪਕੋ ਅੰਦੋਲਨ ਸ਼ੁਰੂ ਕਰ ਦਿੱਤਾ। ਜਿੱਥੇ ਵੀ ਠੇਕੇਦਾਰ ਰੁੱਖ ਵੱਢਣ ਲਈ ਜਾਂਦੇ, ਉੱਥੇ ਹੀ ਲੋਕ ਰੁੱਖਾਂ ਨਾਲ ਚਿੰਬੜ ਜਾਂਦੇ। ਮਹਾਤਮਾਂ ਗਾਂਧੀ ਦੇ ਅਹਿੰਸਾ ਨਿਯਮ ਅਨੁਸਾਰ ਲੜੇ ਗਏ ਇਸ ਸੰਘਰਸ਼ ਦੌਰਾਨ, ਫਾਟਾ, ਰੇਨੀ, ਹੇਵਲਘਾਟੀ, ਝੰਗਸੂ ਅਤੇ ਤਰਸਾਲੀ ਦੇ ਜੰਗਲਾਂ ਵਿਚ ਠੇਕੇਦਾਰਾਂ ਨੇ ਸੰਘਰਸ਼ੀ ਲੋਕਾਂ ਦੀ ਕੁੱਟਮਾਰ ਵੀ ਕੀਤੀ ਪਰ ਹਰ ਥਾਂ 'ਤੇ ਠੇਕੇਦਾਰਾਂ ਨੂੰ ਮੂੰਹ ਦੀ ਖਾਣੀ ਪਈ।

ਜਦੋਂ ਇਨ੍ਹਾਂ ਘਟਨਾਵਾਂ ਦੀ ਸੂਚਨਾ ਲਖਨਊ ਪਹੁੰਚੀ ਤਾਂ ਤਤਕਾਲੀ ਮੁੱਖ ਮੰਤਰੀ ਹੇਮਵਤੀ ਨੰਦਨ ਬਹੁਗੁਣਾ ਨੇ ਜਾਂਚ ਲਈ ਇਕ ਹਾਈ ਪਾਵਰ ਜਾਂਚ ਕਮੇਟੀ ਬਣਾ ਦਿੱਤੀ ਜਿਸ ਨੇ ਆਪਣੀ ਰਿਪੋਰਟ ਠੋਕ ਕੇ ਲੋਕਾਂ ਦੇ ਹੱਕ ਵਿਚ ਦਿੱਤੀ। ਇਹ ਰਿਪੋਰਟ ਚਿਪਕੋ ਅੰਦੋਲਨ ਦੀ ਪਹਿਲੀ ਵੱਡੀ ਜਿੱਤ ਸੀ ਜਿਸ ਨੇ ਇਸ ਦਾ ਨਾਂ ਦੇਸ਼-ਵਿਦੇਸ਼ ਵਿਚ ਪ੍ਰਸਿੱਧ ਕਰ ਦਿੱਤਾ। ਅਗਲੇ ਪੰਜ ਸਾਲਾਂ ਵਿਚ ਇਹ ਅੰਦੋਲਨ ਸਾਰੇ ਉੱਤਰਾਖੰਡ ਵਿਚ ਫੈਲ ਗਿਆ ਤੇ ਜਨਤਾ ਨੇ ਥਾਂ-ਥਾਂ ਰੁੱਖ ਵੱਢਣ ਵਾਲੇ ਠੇਕੇਦਾਰਾਂ ਅਤੇ ਮਾਈਨਿੰਗ ਕੰਪਨੀਆਂ ਨੂੰ ਖਦੇੜਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦੀ ਮੰਗ ਸੀ ਕਿ ਜੰਗਲ ਅਤੇ ਇਸ ਦੀ ਖਣਿਜ ਸੰਪਤੀ 'ਤੇ ਪਹਿਲਾ ਅਧਿਕਾਰ



ਬਲਰਾਜ ਸਿੰਘ ਸਿੱਧੂ
ਮੋ. 95011-00062

ਸਥਾਨਕ ਲੋਕਾਂ ਦਾ ਹੈ। ਇਸ ਅੰਦੋਲਨ ਦੀ ਸਭ ਤੋਂ ਨਿਆਰੀ ਗੱਲ ਇਹ ਸੀ ਕਿ ਕਿ ਇਸ ਵਿਚ ਔਰਤਾਂ ਦੀ ਭਾਈਵਾਲੀ ਮਰਦਾਂ ਤੋਂ ਬਹੁਤ ਵੱਧ ਸੀ। 1980 ਵਿਚ ਇਸ ਅੰਦੋਲਨ ਨੂੰ ਉਸ ਸਮੇਂ ਮੁਕੰਮਲ ਜਿੱਤ ਪ੍ਰਾਪਤ ਹੋਈ ਜਦੋਂ ਸੁੰਦਰ ਲਾਲ ਬਹੁਗੁਣਾ ਅਤੇ ਉਸ ਸਮੇਂ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦਰਮਿਆਨ ਹੋਈ ਇਕ ਮੀਟਿੰਗ ਤੋਂ ਬਾਅਦ ਕੇਂਦਰ ਸਰਕਾਰ ਨੇ ਉੱਤਰਾਖੰਡ ਦੇ ਜੰਗਲਾਂ ਵਿਚ 15 ਸਾਲਾਂ ਲਈ ਰੁੱਖ ਕੱਟਣ 'ਤੇ ਰੋਗ ਲਾ ਦਿੱਤੀ ਜੋ ਹੁਣ ਵੀ ਜਾਰੀ ਹੈ।

ਖੇਜੜਲੀ ਕਾਂਡ ਬਿਸ਼ਨੋਈ ਸਮਾਜ ਦੇ ਕੱਟੜ ਵਾਤਾਵਰਨ ਪ੍ਰੇਮ ਕਾਰਨ ਵਾਪਰਿਆ ਸੀ। ਬਿਸ਼ਨੋਈ (ਆਬਾਦੀ ਕਰੀਬ 7 ਲੱਖ) ਸੰਸਾਰ ਦੀ ਸਭ ਤੋਂ ਵੱਡੀ ਵਾਤਾਵਰਨ ਪ੍ਰੇਮੀ ਕੌਮ ਹੈ ਜੋ ਰਾਜਸਥਾਨ, ਪੰਜਾਬ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਵਿਚ ਵਸਦੀ ਹੈ ਤੇ ਗੁਰੂ ਜੰਬੇਸ਼ਵਰ ਦੁਆਰਾ ਨਿਸ਼ਚਿਤ ਕੀਤੇ ਗਏ 29 ਸਿਧਾਂਤਾਂ ਅਨੁਸਾਰ ਚੱਲਦੀ ਹੈ। ਬਿਸ਼ਨੋਈ ਸਮਾਜ ਦੇ ਸੰਸਥਾਪਕ ਗੁਰੂ ਜੰਬੇਸ਼ਵਰ ਦਾ ਜਨਮ 1499 ਈ. ਤੇ ਮੌਤ 1593 ਈ ਵਿਚ ਹੋਈ ਸੀ। ਉਨ੍ਹਾਂ ਦੀ ਸਮਾਧੀ (ਬੀਕਾਨੇਰ) ਬਿਸ਼ਨੋਈਆਂ ਲਈ ਇਕ ਬਹੁਤ ਵੱਡਾ ਤੀਰਥ ਸਥਾਨ ਹੈ। ਗੁਰੂ ਜੰਬੇਸ਼ਵਰ ਦੀ ਸਭ ਤੋਂ ਵੱਡੀ ਸਿੱਖਿਆ ਇਹ ਸੀ ਕਿ ਜਾਨਵਰਾਂ ਅਤੇ ਰੁੱਖਾਂ ਦੀ ਹਰ ਹਾਲਤ ਵਿਚ ਸੁਰੱਖਿਆ ਕੀਤੀ ਜਾਣੀ ਚਾਹੀਦੀ ਹੈ। ਬਿਸ਼ਨੋਈ ਵਾਤਾਵਰਨ ਦੀ ਸੁਰੱਖਿਆ ਲਈ ਕਿੰਨੇ ਸਮਰਪਿਤ ਹਨ, ਇਹ ਖੇਜੜਲੀ ਕਤਲੇਆਮ ਤੋਂ ਸਪੱਸ਼ਟ ਹੁੰਦਾ ਹੈ। ਸੰਨ 1730 ਈ. ਵਿਚ ਜੋਧਪੁਰ ਦੇ ਰਾਜੇ ਅਭੈ




ਸਿੰਘ ਨੂੰ ਆਪਣੇ ਨਵੇਂ ਮਹਿਲ ਦੀ ਉਸਾਰੀ ਲਈ ਲੱਕੜ ਦੀ ਲੋੜ ਪੈ ਗਈ। ਉਸ ਨੇ ਆਪਣੀ ਇਕ ਮੰਤਰੀ ਗਿਰਧਰ ਭੰਡਾਰੀ ਨੂੰ ਸੈਨਿਕਾਂ ਅਤੇ ਮਜ਼ਦੂਰਾਂ ਸਮੇਤ ਲੱਕੜਾਂ ਵੱਢਣ ਲਈ ਭੇਜ ਦਿੱਤਾ ਜੋ ਵਧੀਆ ਰੁੱਖ ਲੱਭਦਾ ਹੋਇਆ ਜੋਧਪੁਰ ਤੋਂ ਕੋਈ 25 ਕਿਲੋਮੀਟਰ ਦੂਰ ਬਿਸ਼ਨੋਈਆਂ ਦੇ ਇਕ ਪਿੰਡ ਖੇਜੜਲੀ ਵਿਖੇ ਪਹੁੰਚ ਗਿਆ। ਜਦੋਂ ਮਜ਼ਦੂਰਾਂ ਨੇ ਇਕ ਖੇਜੜੀ (ਬਿਸ਼ਨੋਈਆਂ ਲਈ ਪਵਿੱਤਰ ਰੁੱਖ) ਨੂੰ ਵੱਢਣਾ ਸ਼ੁਰੂ ਕੀਤਾ ਤਾਂ ਪਿੰਡ ਵਾਲੇ ਵਿਰੋਧ ਕਰਨ ਲਈ ਇਕੱਠੇ ਹੋ ਗਏ। ਸੈਨਿਕਾਂ ਨੇ ਧਮਕੀ ਦਿੱਤੀ ਕਿ ਜਿਸ ਕਿਸੇ ਨੇ ਵੀ ਕੰਮ ਵਿਚ ਰੁਕਾਵਟ ਪਾਈ, ਉਸ ਨੂੰ ਮਾਰ ਦਿੱਤਾ ਜਾਵੇਗਾ। ਪਰ ਇਕ ਬਹਾਦਰ ਔਰਤ ਅੰਮ੍ਰਿਤਾ ਦੇਵੀ ਬਿਸ਼ਨੋਈ ਨੇ ਉਸ ਰੁੱਖ ਨੂੰ ਬਚਾਉਣ ਖਾਤਰ ਉਸ ਨਾਲ ਗਲਵਕੜੀ ਪਾ ਲਈ। ਸੈਨਿਕਾਂ ਨੇ ਧਮਕਾਇਆ ਕਿ ਉਹ ਰੁੱਖ ਨੂੰ ਛੱਡ ਦੇਵੇ ਨਹੀਂ ਤਾਂ ਉਸ ਦਾ ਸਿਰ ਕਲਮ ਕਰ ਦਿੱਤਾ ਜਾਵੇਗਾ। ਸੂਰਵੀਰ ਅੰਮ੍ਰਿਤਾ ਦੇਵੀ ਨੇ ਜਵਾਬ ਦਿੱਤਾ ਕਿ ਜੇ ਇਕ ਰੁੱਖ ਨੂੰ ਬਚਾਉਣ ਲਈ ਇਕ ਸਿਰ ਕੱਟਿਆ ਵੀ ਜਾਵੇ ਤਾਂ ਸੌਦਾ ਮਹਿੰਗਾ ਨਹੀਂ ਹੈ। ਬੇਰਹਿਮ ਸੈਨਿਕਾਂ ਨੇ ਅੰਮ੍ਰਿਤਾ ਦੇਵੀ ਦਾ ਸਿਰ ਧੜ ਤੋਂ ਵੱਖ ਕਰ ਦਿੱਤਾ।

ਇਸ ਜ਼ੁਲਮ ਦਾ ਸਗੋਂ ਉਲਟਾ ਅਸਰ ਹੋਇਆ, ਡਰਨ ਦੀ ਥਾਂ ਹੋਰ ਬਿਸ਼ਨੋਈਆਂ ਸਮੇਤ ਅੰਮ੍ਰਿਤਾ ਦੇਵੀ ਦੀਆਂ ਤਿੰਨ ਬੇਟੀਆਂ ਆਸੂ, ਰਤਨਾ ਅਤੇ ਭਾਗੂ ਨੇ ਵੀ ਰੁੱਖਾਂ ਨੂੰ ਗਲਵਕੜੀ ਪਾ ਲਈ। ਉਨ੍ਹਾਂ ਦਾ ਹਸ਼ਰ ਵੀ ਅੰਮ੍ਰਿਤਾ ਦੇਵੀ ਵਾਲਾ ਹੋਇਆ। ਇਹ ਖਬਰ ਸੁਣ ਕੇ ਆਸਪਾਸ ਦੇ ਪਿੰਡਾਂ ਤੋਂ ਬਿਸ਼ਨੋਈ ਧੜਾਧੜ ਖੇਜੜਲੀ ਪਹੁੰਚ ਗਏ। ਉਹ ਵਾਰੀ-ਵਾਰੀ ਰੁੱਖਾਂ ਨੂੰ ਬਚਾਉਣ ਖਾਤਰ ਗਲਵਕੜੀ ਪਾਉਂਦੇ ਰਹੇ ਤੇ ਬੇਕਿਰਕ ਰਾਜਸ਼ਾਹੀ ਸੈਨਿਕ ਉਨ੍ਹਾਂ ਦੇ ਸਿਰ ਵੱਢਦੇ ਰਹੇ। ਜਦੋਂ ਇਸ ਗੱਲ ਦਾ ਪਤਾ ਅਭੈ ਸਿੰਘ ਨੂੰ ਲੱਗਾ ਤਾਂ ਉਹ ਫੌਰਨ ਖੇਜੜਲੀ ਪਹੁੰਚਿਆ ਤੇ ਇਸ ਕਤਲੇਆਮ ਨੂੰ ਬੰਦ ਕਰਵਾਇਆ ਪਰ ਉਦੋਂ ਤੱਕ 363 ਬਿਸ਼ਨੋਈ ਔਰਤਾਂ ਤੇ ਮਰਦ ਆਪਣੇ ਵਿਸ਼ਵਾਸ ਦੀ ਖਾਤਰ ਕੁਰਬਾਨ ਹੋ ਚੁੱਕੇ ਸਨ। ਰਾਜੇ ਨੇ ਇਸ ਸਬੰਧੀ ਤਾਮਰ ਪੱਤਰ 'ਤੇ ਲਿਖ ਕੇ ਬਿਸ਼ਨੋਈ ਸਮਾਜ ਤੋਂ ਮਾਫੀ ਮੰਗੀ ਤੇ ਉਨ੍ਹਾਂ ਦੇ ਇਲਾਕੇ ਵਿਚ ਸ਼ਿਕਾਰ ਕਰਨ ਅਤੇ ਰੁੱਖ ਵੱਢਣ 'ਤੇ ਪਾਬੰਦੀ ਲਾ ਦਿੱਤੀ। ਖੇਜੜੀ ਇਸ ਵੇਲੇ ਰਾਜਸਥਾਨ ਦਾ ਰਾਜ ਰੁੱਖ ਹੈ।

# ਖੇਤੀਬਾੜੀ ਦੇ ਸੰਦਾਂ 'ਚੋਂ ਅਲੋਪ ਹੁੰਦੀ ਜਾਂਦੀ ਹੈ ਦਾਤੀ

ਦਾਤੀ ਜਾਂ ਦਾਤਰੀ ਕਿਸਾਨਾਂ ਦਾ ਖੇਤੀਬਾੜੀ ਵਿਚ ਵਰਤਿਆ ਜਾਣ ਵਾਲਾ ਮੁੱਖ ਸੰਦ ਹੈ ਅਤੇ ਇਸ ਨਾਲ ਫਸਲ ਦੀ ਕਟਾਈ ਕੀਤੀ ਜਾਂਦੀ ਸੀ। ਦਾਤੀ ਦਾ ਅਗਲਾ ਹਿੱਸਾ ਲੋਹੇ ਦਾ ਵਕਰਕਾਰ ਆਕਾਰ ਵਿਚ ਬਣਿਆ ਹੁੰਦਾ ਹੈ ਤੇ ਅੰਦਰਲੇ ਪਾਸੇ ਦੰਦੇ ਬਣੇ ਹੁੰਦੇ ਹਨ। ਇਸ ਦੇ ਪਿਛਲੇ ਪਾਸੇ ਇਸ ਨੂੰ ਫੜਨ ਲਈ ਲੱਕੜ ਦਾ ਮੁੱਠਾ ਲੱਗਾ ਹੁੰਦਾ ਹੈ। ਪਹਿਲਾਂ ਲੋਹੇ ਦੀ ਦੇਸੀ ਦਾਤੀ ਹੁੰਦੀ ਸੀ ਜਿਸ ਨੂੰ ਲੁਹਾਰ ਵੱਲੋਂ ਬਣਾਇਆ ਜਾਂਦਾ ਸੀ ਤੇ ਅੱਜ ਕੱਲ ਬਲੇਡ ਵਾਲੀਆਂ ਮਸ਼ੀਨੀ ਦਾਤੀਆਂ ਆ ਗਈਆਂ ਹਨ। ਕਈ ਸ਼ੌਕੀਨ ਲੋਕ ਤਾਂ ਪਹਿਲਾਂ ਦਾਤੀ ਦੇ ਦਸਤੇ ਨੂੰ ਪਿੱਤਲ ਅਤੇ ਕੋਕਿਆਂ ਨਾਲ ਸ਼ਿੰਗਾਰ ਲੈਂਦੇ ਸਨ। ਪਰ ਹੁਣ ਕਣਕ ਦੀ ਵਾਢੀ ਦਾ ਕੰਮ ਕੰਬਾਈਨਾਂ ਨਾਲ ਹੋਣ ਕਰ ਕੇ ਦਾਤੀ ਅਲੋਪ ਹੁੰਦੀ ਜਾਂਦੀ ਹੈ। ਦਾਤੀ ਨਾਲ ਹੁਣ ਕੇਵਲ ਪਸ਼ੂਆਂ ਲਈ ਚਾਰਾ ਹੀ ਵੱਢਿਆ ਜਾਂਦਾ ਹੈ।



ਕਣਕ ਹਾੜੀ ਦੀ ਮੁੱਖ ਫਸਲ ਹੋਣ ਕਰ ਕੇ ਇਸ ਦੀ ਕਟਾਈ ਅੱਜ ਤੋਂ ਤਿੰਨ ਦਹਾਕੇ ਪਹਿਲਾਂ ਦਾਤੀ ਨਾਲ ਹੀ ਕੀਤੀ ਜਾਂਦੀ ਹੈ। ਉਸ ਸਮੇਂ ਕਣਕ ਦੀ ਫਸਲ ਵੱਢਣ ਲਈ ਇੰਨੇ ਸਾਧਨ ਮੌਜੂਦ ਨਹੀਂ ਹੁੰਦੇ ਸਨ। ਕਿਸਾਨਾਂ ਵੱਲੋਂ ਇਕ ਦੂਜੇ ਹਨ ਰਲ ਮਿਲ ਕੇ ਹਾੜੀ ਦੀ ਫਸਲ ਵੱਢੀ ਜਾਂਦੀ ਸੀ ਜਿਸ ਨੂੰ ਸਾਡੇ ਮਾਲਵੇ ਦੇ ਇਲਾਕੇ ਵਿਚ ਮੰਗ ਪਾਈ ਜਾ ਵਿੜੀ ਵੀ ਆਖਿਆ ਜਾਂਦਾ ਸੀ। ਇਸੇ ਕਰ ਕੇ ਹੀ ਉਸ ਸਮੇਂ ਦੇ ਲੋਕਾਂ ਵਿਚ ਆਪਸੀ ਪਿਆਰ ਅਤੇ ਭਾਈਚਾਰਕ ਸਾਂਝ ਸੀ। ਉਸ ਸਮੇਂ ਦੇ ਲੋਕ ਚੰਗੀਆਂ ਖੁਰਾਕਾਂ ਖਾਣ ਕਾਰਨ ਤਾਕਤਵਰ ਹੁੰਦੇ ਸਨ ਤੇ ਉਹ ਸਾਰਾ-ਸਾਰਾ ਦਿਨ ਦਾਤੀ ਨਾਲ ਕਣਕ ਵੱਢਦੇ ਰਹਿੰਦੇ ਸਨ। ਹਾੜੀ ਵੱਢਣ ਦਾ ਸਾਰਾ ਕੰਮ ਹੀ ਦਾਤੀਆਂ ਨਾਲ ਹੋਣ ਕਾਰਨ ਦਾਤੀਆਂ ਦੇ ਦੰਦੇ ਮੁੜ ਜਾਂਦੇ ਸਨ ਅਤੇ ਉਨ੍ਹਾਂ ਨੂੰ ਦੁਬਾਰਾ ਤਿੱਖੇ ਕਰਨਾ ਪੈਂਦਾ ਸੀ। ਦੰਦੇ ਕਢਾਉਣ ਲਈ ਪਿੰਡ ਵਿਚ ਸੇਪੀ ਵਾਲੇ ਮਿਸਤਰੀ ਕੋਲ ਵੀ ਲੋਕਾਂ ਦੀ ਭੀੜ ਲੱਗੀ ਰਹਿੰਦੀ ਸੀ ਤੇ ਆਮ ਲੋਕਾਂ ਦੀ ਭੀੜ ਲੱਗੀ ਰਹਿੰਦੀ ਸੀ ਤੇ ਆਮ ਲੋਕਾਂ ਨੂੰ ਆਪਣੀ ਵਾਰੀ ਦਾ ਇੰਤਜ਼ਾਰ ਕਰਨਾ ਪੈਂਦਾ ਸੀ।

ਦਾਤੀ ਸਾਡੇ ਪੰਜਾਬੀ ਸਭਿਆਚਾਰ ਦਾ ਮੁੱਖ ਹਿੱਸਾ ਹੋਣ ਕਰ ਕੇ ਇਸ ਦਾ ਜ਼ਿਕਰ ਗੀਤਾਂ ਅਤੇ ਬੋਲੀਆਂ ਵਿਚ ਆਮ ਹੀ ਕੀਤਾ ਜਾਂਦਾ ਸੀ। ਇਸ ਸਬੰਧੀ ਇਕ ਬੋਲੀ ਬਹੁਤ ਮਸ਼ਹੂਰ ਹੋਈ ਹੈ ਜਿਵੇਂ : ਹਾੜੀ ਵੱਢੂੰਗੀ ਬਰਾਬਰ ਤੇਰੇ, ਦਾਤੀ ਨੂੰ ਲਵਾ ਦੇ ਘੁੰਗਰੂ।

ਉਸ ਸਮੇਂ ਕਣਕ ਵੱਢਣ ਤੋਂ ਲੈ ਕੇ ਤੂੜੀ ਬਣਾਉਣ ਤੱਕ ਦਾ ਸਾਰਾ ਕੰਮ ਹੀ ਲਗਭਗ ਹੱਥੀਂ ਕੀਤਾ ਜਾਂਦਾ ਸੀ। ਕਣਕ ਵੱਢਣ ਦਾ ਕੰਮ ਕਈ ਮਹੀਨੇ ਤਕ ਚਲਦਾ ਰਹਿੰਦਾ ਸੀ ਤੇ ਉਸ ਤੋਂ ਬਾਅਦ ਕਿਸਾਨ ਆਪਣੇ ਪਸ਼ੂਆਂ ਲਈ ਤੂੜੀ ਬਣਾਉਣ ਲੱਗ ਜਾਂਦੇ ਸਨ। ਪੁਰਾਣੇ ਸਮੇਂ ਵਿਚ ਫਸਲਾਂ ਦੀ ਕਟਾਈ ਮੁੱਖ ਤੌਰ 'ਤੇ ਦਾਤੀ ਨਾਲ ਹੀ ਕੀਤੀ ਜਾਂਦੀ ਸੀ ਪਰ ਹੁਣ ਉਸ ਦੀ ਥਾਂ ਆਧੁਨਿਕ ਕਿਸਮ ਦੀਆਂ ਕੰਬਾਈਨਾਂ ਆ ਗਈਆਂ ਹਨ ਜੋ ਹੁਣ ਕਈ ਮਹੀਨਿਆਂ ਦਾ ਕੰਮ ਕੁੱਝ ਹੀ ਦਿਨਾਂ ਵਿਚ ਨਿਬੇੜ ਦਿੰਦੀਆਂ ਹਨ ਤੇ ਤੂੜੀ ਰੀਪਰ ਨਾਲ ਬਣਾ ਕੇ ਸਾਂਭ ਲਈ ਜਾਂਦੀ ਹੈ। ਮਸ਼ੀਨੀ ਯੁਗ ਕਰ ਕੇ ਹੁਣ ਦਾਤੀ ਦੀ ਵਰਤੋਂ ਘੱਟ ਹੋਣ ਕਾਰਨ ਇਹ ਖੇਤੀਬਾੜੀ ਦੇ ਅਲੋਪ ਹੋ ਚੁੱਕੇ ਸੰਦਾਂ ਵਿਚ ਸ਼ਾਮਲ ਹੋ ਗਈ ਹੈ।

ਗੁਰਪ੍ਰੀਤ ਸਿੰਘ ਗਿੱਲ, ਸ੍ਰੀ ਮੁਕਤਸਰ ਸਾਹਿਬ
ਮੋ. 9463043649

# ਧਰਤੀ ਹੇਠਲੇ ਪਾਣੀ ਦੀ ਸੰਭਾਲ ਲਈ ਲੋੜੀਂਦੇ ਕਦਮ

ਗੁਰਪ੍ਰੀਤ ਕੌਰ, ਰਾਜ ਕੁਮਾਰ ਅਤੇ ਗੁਰਪ੍ਰੀਤ ਸਿੰਘ,
ਫਾਰਮ ਸਲਾਹਕਾਰ ਸੇਵਾ ਕੇਂਦਰ, ਪਟਿਆਲਾ (ਮੋ. 94633-69063)

★ ਤਜ਼ਰਬਿਆਂ ਅਨੁਸਾਰ ਜੇਕਰ ਝੋਨੇ ਦੀ ਲੁਆਈ ਮਈ ਦੇ ਪਹਿਲੇ ਹਫਤੇ ਕੀਤੀ ਜਾਵੇ ਤਾਂ ਪਾਣੀ ਦਾ ਪੱਧਰ 70 ਸੈਂ. ਮੀ. ਦੀ ਦਰ ਨਾਲ ਹੇਠਾਂ ਜਾਂਦਾ ਹੈ। ਇਸੇ ਤਰ੍ਹਾਂ 20 ਮਈ ਅਤੇ 10 ਜੂਨ ਨੂੰ ਲਗਾਏ ਝੋਨੇ ਵਿਚ ਇਹ ਗਿਰਾਵਟ ਕ੍ਰਮਵਾਰ 50 ਸੈਮੀ. ਅਤੇ 10 ਸੈਂ. ਮੀ. ਰਹਿ ਜਾਂਦੀ ਹੈ ਜਦ ਕਿ 15 ਜੂਨ ਤੋਂ ਬਾਅਦ ਝੋਨਾ



ਲਗਾਉਣ ਨਾਲ ਪਾਣੀ ਵਿਚ ਗਿਰਾਵਟ ਨਾ-ਮਾਤਰ ਹੀ ਰਹਿ ਜਾਂਦੀ ਹੈ। ਇਸ ਲਈ ਝੋਨੇ ਦੀ ਲਵਾਈ 15 ਜੂਨ ਤੋਂ ਬਾਅਦ ਹੀ ਕਰੋ।

★ ਝੋਨੇ ਦੀਆਂ ਘੱਟ ਅਤੇ ਦਰਮਿਆਨਾ ਸਮਾਂ ਲੈਣ ਵਾਲੀਆਂ ਕਿਸਮਾਂ ਜਿਵੇਂ ਕਿ ਪੀ. ਆਰ.-126, ਪੀ. ਆਰ.-128, ਪੀ. ਆਰ.-131 ਆਦਿ ਦੀ ਹੀ ਬਿਜਾਈ ਕਰੋ। ਗੈਰ ਸਿਫਾਰਸ਼ੀ ਲੰਬਾ ਸਮਾਂ ਲੈਣ ਵਾਲੀਆਂ ਕਿਸਮਾਂ ਜਿਵੇਂ ਕਿ ਪੂਸਾ-44, ਪੀਲੀ ਪੂਸਾ, ਡੋਗਰ ਪੂਸਾ ਆਦਿ ਨਾ ਬੀਜੋ।

★ ਝੋਨੇ ਦੀ ਸਿੱਧੀ ਬਿਜਾਈ ਜੂਨ ਮਹੀਨੇ ਵਿਚ ਕਰਨ ਨਾਲ 20 ਫੀਸਦੀ ਤੱਕ ਪਾਣੀ ਦੀ ਬੱਚਤ ਹੋ ਸਕਦੀ ਹੈ।

★ ਬਿਨਾਂ ਕੱਦੂ ਕੀਤੇ ਵੱਟਾਂ/ਬੈਡਾਂ ਤੇ ਝੋਨਾ ਲਗਾ ਕੇ ਘੱਟੋ-ਘੱਟ 25 ਫੀਸਦੀ ਪਾਣੀ ਦੀ ਬੱਚਤ ਕੀਤੀ ਜਾ ਸਕਦੀ ਹੈ।

★ ਝੋਨੇ ਲਗਾਉਣ ਤੋਂ ਪਹਿਲਾਂ ਖੇਤ ਨੂੰ ਲੇਜ਼ਰ ਕਰਾਹੇ ਨਾਲ ਪੱਧਰਾ ਕਰਵਾ ਕੇ ਇਕਸਾਰ ਪਾਣੀ ਲਗਾਉਣ ਨਾਲ ਵੀ ਕਾਫੀ ਪਾਣੀ ਦੀ ਬੱਚਤ ਹੋ ਜਾਂਦੀ ਹੈ।

★ ਪਡਲਰ ਜਾਂ ਸੁਆਇਲ ਪਲਵੇਰਾਈਜ਼ਿੰਗ ਰੋਲਰ ਦੀ ਵਰਤੋਂ ਨਾਲ ਕੱਦੂ ਕੀਤੇ ਖੇਤ ਵਿਚ ਝੋਨਾ ਲਗਾਉਣ ਨਾਲ 20-25 ਫੀਸਦੀ ਪਾਣੀ ਬਚ ਜਾਂਦਾ ਹੈ।

★ ਪਨੀਰੀ ਖੇਤ ਵਿਚ ਲਗਾਉਣ ਤੋਂ ਬਾਅਦ ਕੇਵਲ ਪਹਿਲੇ 15 ਦਿਨਾਂ ਹੀ ਪਾਣੀ ਖੜ੍ਹਾ ਰੱਖਣ ਦੀ ਲੋੜ ਹੈ। ਇਸ ਤੋਂ ਬਾਅਦ ਹਰੇਕ ਸਿੰਜਾਈ ਪਾਣੀ ਜ਼ੀਰਨ ਤੋਂ 2 ਦਿਨ ਬਾਅਦ ਹੀ ਕਰਨੀ ਚਾਹੀਦੀ ਹੈ। ਭਾਰੀਆਂ ਜ਼ਮੀਨਾਂ ਵਿਚ ਇਹ ਸਮਾਂ ਹੋਰ ਵੀ ਵਧਾਇਆ ਜਾ ਸਕਦਾ ਹੈ। ਪਰ ਧਿਆਨ ਰੱਖੋ ਕਿ ਜ਼ਮੀਨ ਵਿਚ ਤਰੇੜਾਂ ਨਾ ਪੈਣ।

★ ਝੋਨੇ ਦੀ ਕਟਾਈ ਤੋਂ 15 ਦਿਨ ਪਹਿਲਾਂ ਪਾਣੀ ਲਗਾਉਣਾ ਬੰਦ ਕਰ ਦੇਣਾ ਚਾਹੀਦਾ ਹੈ।

★ ਝੋਨੇ ਦੀ ਥਾਂ ਤੇ ਬਦਲਵੀਆਂ ਘੱਟ ਪਾਣੀ ਲੈਣ ਵਾਲੀਆਂ ਫਸਲਾਂ ਜਿਵੇਂ ਕਿ ਮੱਕੀ, ਨਰਮਾ, ਮੂੰਗਫਲੀ ਆਦਿ ਦੀ ਬਿਜਾਈ ਕੀਤੀ ਜਾ ਸਕਦੀ ਹੈ।

★ ਘਰ ਦੀ ਜ਼ਰੂਰਤ ਪੂਰੀ ਕਰਨ ਲਈ ਥੋੜ੍ਹਾ-ਥੋੜ੍ਹਾ ਰਕਬਾ ਦਾਲਾਂ, ਸਬਜ਼ੀਆਂ, ਫਲ, ਗੰਨਾ ਅਤੇ ਤੇਲ ਬੀਜ ਹੇਠਾਂ ਵੀ ਲਿਆਉਣਾ ਚਾਹੀਦਾ ਹੈ।

★ ਅਪ੍ਰੈਲ ਤੋਂ ਜੂਨ ਮਹੀਨੇ ਤੱਕ ਖੁੱਲ੍ਹੀਆਂ ਕਤਾਰਾਂ ਵਿਚ ਬੀਜੀਆਂ ਜਾਣ ਵਾਲੀਆਂ ਫਸਲਾਂ ਜਿਵੇਂ ਕਿ ਗੰਨਾ, ਕਪਾਹ, ਸੂਰਜਮੁਖੀ ਅਤੇ ਬਹਾਰ ਰੁੱਤੀ ਮੱਕੀ ਨੂੰ ਖਾਲਾਂ ਵਿਚ ਪਾਣੀ ਲਗਾ ਕੇ ਪਾਣੀ ਦੀ ਲੋੜ 25 ਫੀਸਦੀ ਘਟਾਈ ਜਾ ਸਕਦੀ ਹੈ।

★ ਗਰਮੀਆਂ ਦੇ ਦਿਨਾਂ ਵਿਚ ਫਸਲਾਂ ਦੀਆਂ ਕਤਾਰਾਂ ਵਿਚ 6 ਟਨ ਪ੍ਰਤੀ ਹੈਕਟੇਅਰ ਦੇ ਹਿਸਾਬ ਨਾਲ ਫਸਲਾਂ ਦਾ ਨਾੜ ਵਿਛਾ ਕੇ ਖੇਤ ਵਿਚ ਲੋੜੀਂਦੀ ਨਮੀਂ ਬਣਾਈ ਰੱਖਣ ਨਾਲ 5 ਪਾਣੀਆਂ ਤੱਕ ਦੀ ਬੱਚਤ ਕੀਤੀ ਜਾ ਸਕਦੀ ਹੈ।

★ ਤੁਪਕਾ ਅਤੇ ਫੁਆਰਾ ਸਿੰਚਾਈ ਨਾਲ ਟਿਊਬਵੈੱਲ ਤੋਂ ਖੇਤ ਤੱਕ ਪਲਾਸਟਿਕ ਪਾਈਪਾਂ ਪਾ ਕੇ, ਟਿਊਬਵੈੱਲ ਨੂੰ ਖੇਤ ਦੇ ਵਿਚਕਾਰ ਲਗਾ ਕੇ, ਖਾਲਾਂ ਪੱਕੀਆਂ ਕਰਕੇ ਅਤੇ ਖਾਲਾਂ ਦੀ ਨਿਰੰਤਰ ਸਫਾਈ ਕਰਦੇ ਰਹਿਣ ਨਾਲ ਵੱਡੀ ਮਾਤਰਾ ਵਿਚ (15-40 ਫੀਸਦੀ) ਪਾਣੀ ਦੀ ਬੱਚਤ ਹੋ ਸਕਦੀ ਹੈ।

★ ਇਸ ਤੋਂ ਇਲਾਵਾ ਫਲ ਅਤੇ ਸਬਜ਼ੀਆਂ ਹੇਠਲਾ ਰਕਬਾ ਤੁਪਕਾ ਅਤੇ ਫੁਆਰਾ ਸਿੰਚਾਈ ਹੇਠ ਲਿਆ ਕੇ 30-35 ਫੀਸਦੀ ਪਾਣੀ ਦੀ ਬੱਚਤ ਹੋ ਸਕਦੀ ਹੈ।

★ ਬਰਸਾਤਾਂ ਵਿਚ ਖੇਤਾਂ ਵਿਚ ਵਾਧੂ ਪਾਣੀ ਨੂੰ ਫਿਲਟਰ ਯੂਨਿਟਾਂ ਰਾਹੀਂ ਡੂੰਘੇ ਬੋਰ ਵਿਚ ਸੁੱਟਕੇ ਅਤੇ ਪਿੰਡਾਂ ਦੇ ਟੋਭਿਆਂ ਦੀ ਸਮੇਂ ਸਿਰ ਸਫਾਈ ਕਰਕੇ ਜ਼ਮੀਨ ਹੇਠਲੇ ਪਾਣੀ ਦੇ ਹੇਠਾਂ ਡਿੱਗਦੇ ਪੱਧਰ ਨੂੰ ਠੱਲ੍ਹ ਪਾਈ ਜਾ ਸਕਦੀ ਹੈ।

★ ਸੋ ਆਓ, ਅਨਮੁੱਲੇ ਪਾਣੀ ਸੰਭਾਲ ਲਈ ਹਰ ਪੱਧਰ 'ਤੇ (ਖੇਤੀ/ਘਰਾਂ/ਫੈਕਟਰੀਆਂ ਵਿਚ) ਇਸ ਦੀ ਸੁਚੱਜੀ ਵਰਤੋਂ ਦਾ ਪ੍ਰਣ ਕਰੀਏ।

---

## 'ਦੁਧਾਰੂ ਪਸ਼ੂਆਂ' ਲਈ ਅਚਾਰ ਬਣਾਉਣ ਵਾਸਤੇ

# ਮੱਕੀ ਦੀ ਬਿਜਾਈ ਦੇ ਨੁਕਸਾਨ



ਨਵਜੋਤ ਸਿੰਘ ਬਰਾੜ, ਪ੍ਰਭਜੀਤ ਸਿੰਘ ਅਤੇ ਅਨਿਲ ਕੁਮਾਰ,
ਕ੍ਰਿਸ਼ੀ ਵਿਗਿਆਨ ਕੇਂਦਰ, ਤਰਨ ਤਾਰਨ

ਕਿਸਾਨ ਵੀਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਪਸ਼ੂਆਂ ਲਈ ਅਚਾਰ ਬਣਾਉਣ ਸਮੇਂ ਜਾਂ ਅਚਾਰ ਦੀਆਂ ਗੱਠਾਂ ਬਾਜ਼ਾਰ ਵਿਚੋਂ ਖਰੀਦਣ ਸਮੇਂ ਇਸ ਦੀ ਗੁਣਵੱਤਾ ਵੱਲ ਖਾਸ ਧਿਆਨ ਦਿੱਤਾ ਜਾਵੇ। ਕਣਕ ਦੀ ਕਟਾਈ ਤੋਂ ਬਾਅਦ ਮਈ ਦੇ ਸ਼ੁਰੂ ਵਿਚ ਮੱਕੀ ਦੀ ਬਿਜਾਈ ਨਾ ਕੀਤੀ ਜਾਵੇ, ਕਿਉਂਕਿ ਇਸ ਨਾਲ ਸਿੰਚਾਈ ਵਾਲੇ ਪਾਣੀ ਦੀ ਬਰਬਾਦੀ ਤਾਂ ਹੁੰਦੀ ਹੀ ਹੈ, ਨਾਲ ਦੀ ਨਾਲ ਆਚਾਰ ਦੀ ਗੁਣਵੱਤਾਂ ਸਹੀ ਨਾ ਹੋਣ ਕਰਕੇ ਪਸ਼ੂਆਂ ਦੀ ਸਿਹਤ 'ਤੇ ਵੀ ਮਾੜਾ ਅਸਰ ਪੈਂਦਾ ਹੈ।

ਦੁਧਾਰੂ ਪਸ਼ੂਆਂ ਤੋਂ ਦੁੱਧ ਦੀ ਪੂਰੀ ਪੈਦਾਵਾਰ ਲੈਣ ਲਈ ਅਤੇ ਉਨ੍ਹਾਂ ਨੂੰ ਤੰਦਰੁਸਤ ਰੱਖਣ ਲਈ ਸਾਰਾ ਸਾਲ ਹਰੇ ਚਾਰੇ ਦੀ ਸਹੀ ਮਾਤਰਾ ਵਿਚ ਉਪਲੱਬਧਤਾ ਬਹੁਤ ਜ਼ਰੂਰੀ ਹੈ। ਪੰਜਾਬ ਵਿਚ ਬਹੁਤ ਸਾਰੇ ਪਸ਼ੂ ਪਾਲਕ ਇਸ ਜ਼ਰੂਰਤ ਨੂੰ ਪੂਰਾ ਕਰਨ ਲਈ ਮੱਕੀ ਦਾ ਅਚਾਰ ਬਣਾਉਂਦੇ ਹਨ। ਇਸ ਨਾਲ ਇਕ ਤਾਂ ਪਸ਼ੂਆਂ ਨੂੰ ਸਹੀ ਮਾਤਰਾ ਵਿਚ ਸਾਰਾ ਸਾਲ ਚਾਰਾ ਮਿਲਦਾ ਹੈ ਅਤੇ ਨਾਲ ਹੀ ਡੇਅਰੀ ਫਾਰਮ 'ਤੇ ਲੇਬਰ ਦਾ ਖਰਚਾ ਵੀ ਘੱਟਦਾ ਹੈ।

ਅਚਾਰ ਬਣਾਉਣ ਲਈ ਸਭ ਤੋਂ ਢੁੱਕਵੀਂ ਫਸਲ ਮੱਕੀ ਹੈ ਅਤੇ ਪੰਜਾਬ ਵਿਚ ਜ਼ਿਆਦਾਤਰ ਪਸ਼ੂ ਪਾਲਕ ਅਚਾਰ ਬਣਾਉਣ ਲਈ ਬਹਾਰ ਰੁੱਤ ਦੀ ਮੱਕੀ ਦੀ ਕਾਸ਼ਤ ਕਰਦੇ ਹਨ। ਬਹਾਰ ਰੁੱਤ ਦੀ ਮੱਕੀ ਦੀ ਬਿਜਾਈ ਦਾ ਸਹੀ ਸਮਾਂ ਅੱਧ ਜਨਵਰੀ ਤੋਂ ਲੈ ਕੇ ਅੱਧ ਫਰਵਰੀ ਤੱਕ ਹੈ। ਇਸ ਸਮੇਂ 'ਤੇ ਬੀਜੀ ਮੱਕੀ ਦੋਧੇ ਦਾਣੇ ਤੇ ਪਹੁੰਚਣ ਵਿਚ 95-100 ਦਿਨ ਦਾ ਸਮਾਂ ਲੈਂਦੀ ਹੈ ਅਤੇ ਅੱਧ ਕਈ ਵਿਚ ਅਚਾਰ ਬਣਾਉਣ ਲਈ ਤਿਆਰ ਹੋ ਜਾਂਦੀ ਹੈ। ਉਸ ਸਮੇਂ ਮੌਸਮ ਗਰਮ ਅਤੇ ਖੁਸ਼ਕ ਹੁੰਦਾ ਹੈ ਜੋ ਕਿ ਮੱਕੀ ਨੂੰ ਕੁਤਰ ਕੇ ਟੋਏ ਵਿਚ ਨੱਪਣ ਲਈ ਸਭ ਤੋਂ ਅਨੁਕੂਲ ਹੁੰਦਾ ਹੈ। ਇਸ ਸਮੇਂ ਕਟਾਈ ਵੇਲੇ ਮੱਕੀ ਵਿਚ ਸੁੱਕਾ-ਮਾਦਾ (ਡਰਾਈ ਮੈਟਰ) 25-30% ਹੁੰਦਾ ਹੈ ਅਤੇ ਇਸ ਨੂੰ ਕੁਤਰ ਕੇ ਟੋਏ ਵਿਚ ਨੱਪਦੇ ਸਮੇਂ ਕੁਝ ਨਮੀਂ ਹੋਰ ਉੱਡ ਜਾਂਦੀ ਹੈ ਅਤੇ ਇਹ ਸੁੱਕਾ-ਮਾਦਾ ਵਧ ਕੇ 30-35% ਵਿਚਕਾਰ ਪਹੁੰਚ ਜਾਂਦਾ ਹੈ, ਜੋ ਕਿ ਇਕ ਉੱਚ ਗੁਣਵੱਤਾ ਵਾਲਾ ਅਚਾਰ ਬਣਾਉਣ ਲਈ ਸਭ ਤੋਂ ਅਨੁਕੂਲ ਹੈ।

ਇਹ ਬਹੁਤ ਜਰੂਰੀ ਹੈ ਕਿ ਮੱਕੀ ਦੀ ਬਿਜਾਈ ਅੱਧ ਫਰਵਰੀ ਤੱਕ ਮੁਕੰਮਲ ਕਰ ਲਈ ਜਾਵੇ ਤਾਂ ਜੋ ਇਸ ਦੀ ਅਚਾਰ ਬਣਾਉਣ ਲਈ ਕਟਾਈ ਮਈ ਦੇ ਮਹੀਨੇ ਵਿਚ ਹੋ ਸਕੇ। ਇਹ ਤਾਂ ਹੀ ਹੋ ਸਕਦਾ ਹੈ, ਜੇਕਰ ਹਾੜ੍ਹੀ ਦੇ ਸੀਜ਼ਨ 'ਚ ਖੇਤ ਵਿਚ ਮਟਰ/ਆਲੂ/ਤੋਰੀਆ/ਜਵੀਂ ਆਦਿ ਫਸਲਾਂ ਲੱਗੀਆਂ ਹੋਣ। ਇਨ੍ਹਾਂ ਫਸਲਾਂ ਦੀ ਕਟਾਈ ਜਨਵਰੀ ਵਿਚ ਹੋ ਜਾਂਦੀ ਹੈ ਅਤੇ ਇਨ੍ਹਾਂ ਤੋਂ ਬਾਅਦ ਬਹਾਰ ਰੁੱਤ ਦੀ ਮੱਕੀ ਦੀ ਬਿਜਾਈ ਵੀ ਸਹੀ ਸਮੇਂ 'ਤੇ ਹੋ ਜਾਂਦੀ ਹੈ। ਇਸ ਸਮੇਂ 'ਤੇ ਬੀਜੀ ਮੱਕੀ ਦਾ ਝਾੜ ਵੀ ਵੱਧ ਨਿਕਲਦਾ ਹੈ ਅਤੇ ਇਸ ਤੋਂ ਬਣੇ ਅਚਾਰ ਦੀ ਗੁਣਵੱਤਾ ਵੀ ਚੰਗੀ ਹੁੰਦੀ ਹੈ। ਪਰ ਪਿਛਲੇ ਕੁਝ ਸਾਲਾਂ 'ਚ ਇਹ ਦੇਖਿਆ ਗਿਆ ਹੈ ਕਿ ਕਿਸਾਨ ਵੀਰ ਮੱਕੀ ਦੀ ਬਿਜਾਈ ਕਣਕ ਦੀ ਕਟਾਈ ਤੋਂ ਬਾਅਦ ਅਪ੍ਰੈਲ ਦੇ ਮਹੀਨੇ ਵਿਚ ਕਰਨ ਲੱਗ ਪਏ ਹਨ, ਜਿਸ ਕਰਕੇ ਇਸ ਦੇ ਕਈ ਮਾੜੇ ਪ੍ਰਭਾਵ ਸਾਡੇ ਸਾਹਮਣੇ ਆ ਰਹੇ ਹਨ। ਅਪ੍ਰੈਲ ਵਿਚ ਬਿਜਾਈ ਸਮੇਂ ਮੌਸਮ ਗਰਮ ਅਤੇ ਖੁਸ਼ਕ ਹੁੰਦਾ ਹੈ, ਜਿਸ ਕਰ ਕੇ ਇਸ ਫਸਲ ਨੂੰ ਪਾਣੀ ਬਹੁਤ ਜ਼ਿਆਦਾ ਲੱਗਦੇ ਹਨ। ਅਪ੍ਰੈਲ ਵਿਚ ਬੀਜੀ ਮੱਕੀ ਨੂੰ ਮਈ-ਜੂਨ ਵਿਚ ਹਰ ਚੌਥੇ ਦਿਨ 'ਤੇ ਪਾਣੀ ਲਗਾਉਣਾ ਪੈਂਦਾ ਹੈ।

ਇਸ ਸਮੇਂ ਤੇ ਬੀਜੀ ਮੱਕੀ ਦਾ ਫਰਵਰੀ ਵਿਚ ਬੀਜੀ ਮੱਕੀ ਨਾਲੋਂ ਝਾੜ ਵੀ ਘੱਟ ਨਿਕਲਦਾ ਹੈ। ਅਪ੍ਰੈਲ ਵਿਚ ਬੀਜੀ ਮੱਕੀ ਦੋਧੇ ਦਾਣੇ 'ਤੇ ਪਹੁੰਚਣ ਵਿਚ 75-80 ਦਿਨ ਲੈਂਦੀ ਹੈ। ਸੋ ਅਪ੍ਰੈਲ ਦੇ ਆਖਰੀ ਹਫਤੇ 'ਤੇ ਬੀਜੀ ਮੱਕੀ ਅੱਧ ਜੁਲਾਈ ਵਿਚ ਜਾ ਕੇ ਦੋਧੇ ਦਾਣੇ 'ਤੇ ਪਹੁੰਚਦੀ ਹੈ। ਉਸ ਸਮੇਂ ਬਰਸਾਤ ਦਾ ਮੌਸਮ ਸ਼ੁਰੂ ਹੋ ਜਾਂਦਾ ਹੈ ਅਤੇ ਹਵਾ ਵਿਚ ਨਮੀਂ ਵਧ ਜਾਂਦੀ ਹੈ ਅਤੇ ਇਸ ਸਮੇਂ ਮੱਕੀ ਦੀ ਕਟਾਈ ਵੇਲੇ ਮੱਕੀ ਵਿਚ ਸੁੱਕਾ ਮਾਦਾ (ਡਰਾਈ-ਮੈਟਰ) 20-25% ਹੀ ਹੁੰਦਾ ਹੈ। ਸੋ ਇਸ ਨਾਲ ਅਚਾਰ ਦੀ ਗੁਣਵੱਤਾ ਘਟ ਜਾਂਦੀ ਹੈ। ਬਰਸਾਤ ਦੇ ਮੌਸਮ ਵਿਚ ਪਾਏ ਅਚਾਰ ਵਿਚ ਵੱਧ ਨਮੀਂ ਕਰਕੇ ਕਈ ਵਾਰ ਉੱਲੀ ਲਗ ਜਾਂਦੀ ਹੈ, ਜੋ ਕਿ ਪਸ਼ੂਆਂ ਦੀ ਸਿਹਤ 'ਤੇ ਵੀ ਮਾੜਾ ਅਸਰ ਪਾਉਂਦੀ ਹੈ।

ਸੋ ਕਿਸਾਨ ਵੀਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਪਸ਼ੂਆਂ ਲਈ ਅਚਾਰ ਬਣਾਉਣ ਸਮੇਂ ਜਾਂ ਅਚਾਰ ਦੀਆਂ ਗੱਠਾਂ ਬਾਜ਼ਾਰ ਵਿਚੋਂ ਖਰੀਦਣ ਸਮੇਂ ਇਸ ਦੀ ਗੁਣਵੱਤਾ ਵੱਲ ਖਾਸ ਧਿਆਨ ਦਿੱਤਾ ਜਾਵੇ। ਕਣਕ ਦੀ ਕਟਾਈ ਤੋਂ ਬਾਅਦ ਮਈ ਦੇ ਸ਼ੁਰੂ ਵਿਚ ਮੱਕੀ ਦੀ ਬਿਜਾਈ ਨਾ ਕੀਤੀ ਜਾਵੇ, ਕਿਉਂਕਿ ਇਸ ਨਾਲ ਸਿੰਚਾਈ ਵਾਲੇ ਪਾਣੀ ਦੀ ਬਰਬਾਦੀ ਤਾਂ ਹੁੰਦੀ ਹੀ ਹੈ, ਨਾਲ ਦੀ ਨਾਲ ਆਚਾਰ ਦੀ ਗੁਣਵੱਤਾਂ ਸਹੀ ਨਾ ਹੋਣ ਕਰਕੇ ਪਸ਼ੂਆਂ ਦੀ ਸਿਹਤ 'ਤੇ ਵੀ ਮਾੜਾ ਅਸਰ ਪੈਂਦਾ ਹੈ।

ਬਜ਼ਾਰ ਵਿਚੋਂ ਵੀ ਮੱਕੀ ਦੇ ਅਚਾਰ ਦੀਆਂ ਗੱਠਾਂ ਖਰੀਦਦੇ ਸਮੇਂ ਧਿਆਨ ਰੱਖਿਆ ਜਾਵੇ ਕਿ ਇਸ ਵਿਚ ਸੁੱਕਾ ਮਾਦਾ 30-35% ਦੇ ਵਿਚਕਾਰ ਹੋਵੇ, ਇਸ ਦਾ ਖਾਰਾ ਅੰਗ 3.8-4.2 ਦੇ ਵਿਚਕਾਰ ਹੋਵੇ, ਰੰਗ ਸੁਨਹਿਰੀ ਹੋਵੇ ਅਤੇ ਇਸ ਵਿਚੋਂ ਸਿਰਕੇ ਵਰਗੀ ਸੁਗੰਧ ਆਉਂਦੀ ਹੋਵੇ। ਖਰਾਬ ਅਚਾਰ ਦਾ ਰੰਗ ਭੂਰਾ ਹੁੰਦਾ ਹੈ ਅਤੇ ਇਸ ਵਿਚੋਂ ਬਦਬੂ ਆਉਂਦੀ ਹੈ।

ਇਸ ਤੋਂ ਇਲਾਵਾ ਕਿਸਾਨ ਵੀਰ ਸਾਉਣੀ ਵਿਚ ਚਰ੍ਹੀ ਅਤੇ ਹਾੜੀ ਵਿਚ ਜਵੀ ਦਾ ਅਚਾਰ ਵੀ ਬਣਾ ਸਕਦੇ ਹਨ। ਇਨ੍ਹਾਂ ਫਸਲਾਂ ਨੂੰ ਪਾਣੀ ਘੱਟ ਲਗਦਾ ਹੈ ਅਤੇ ਇਨ੍ਹਾਂ ਕੀ ਕਾਸ਼ਤ ਤੇ ਖਰਚਾ ਵੀ ਘੱਟ ਆਉਂਦਾ ਹੈ।



ਹਰੀਸ਼ ਜੈਨ
ਸੰਪਰਕ : 98150-00873

# ਖੇਤੀ 'ਚੋਂ ਬਾਹਰ ਹੋ ਰਹੇ ਪੰਜਾਬ ਦੇ ਕਿਸਾਨ

ਪੰਜਾਬ ਕੋਲ ਕੁੱਲ 50.33 ਲੱਖ ਹੈਕਟੇਅਰ ਭੋਇੰ ਹੈ। ਵਾਹੁਣ ਯੋਗ 42.21 ਲੱਖ ਹੈਕਟੇਅਰ ਵਿਚ ਵਾਹੀ ਹੁੰਦੀ ਹੈ। ਪੰਜਾਬ ਦੀ ਔਸਤ ਜ਼ਮੀਨ ਮਾਲਕੀ 3.62 ਹੈਕਟੇਅਰ ਹੈ, ਪਰ ਜ਼ਿਲ੍ਹਾ ਪਟਿਆਲਾ ਇਸ ਵਿਚ ਮੀਰੀ ਹੈ ਜਿਸ ਦੀ ਔਸਤ ਮਾਲਕੀ 4.45 ਹੈਕਟੇਅਰ ਹੈ। ਪੰਜਾਬ ਦੀ 97.5 ਫੀਸਦੀ ਵਾਹੁਣ ਯੋਗ ਜ਼ਮੀਨ ਕੋਲ ਸਿੰਚਾਈ ਦੇ ਪੱਕੇ ਸਾਧਨ ਹਨ। ਸਾਲ ਵਿਚ 94 ਫੀਸਦੀ ਜ਼ਮੀਨ ਤੋਂ ਇਕ ਤੋਂ ਵੱਧ ਫਸਲ ਲਈ ਜਾਂਦੀ ਹੈ।

ਦੇਸ਼ ਪੱਧਰ 'ਤੇ ਦੇਖੀਏ ਤਾਂ ਕੁੱਲ 1571.42 ਲੱਖ ਹੈਕਟੇਅਰ ਖੇਤੀ ਯੋਗ ਜ਼ਮੀਨ ਹੈ ਜਿਸ ਦਾ ਪੰਜਾਬ ਕੋਲ ਸਿਰਫ 2.5 ਫੀਸਦੀ ਹਿੱਸਾ ਹੈ। ਦੇਸ਼ ਦੀ ਔਸਤ ਜ਼ਮੀਨ ਮਾਲਕੀ 1.08 ਹੈਕਟੇਅਰ ਹੈ ਜਿਹੜੀ ਪੰਜਾਬ ਤੋਂ 2.54 ਹੈਕਟੇਅਰ ਘੱਟ ਹੈ। ਜੇ ਜ਼ਿਲ੍ਹਾ ਪਟਿਆਲੇ ਨਾਲ ਮੁਕਾਬਲਾ ਕਰੀਏ ਇਸ ਦਾ ਚੌਥਾ ਹਿੱਸਾ ਹੈ। ਰਾਜਸਥਾਨ ਕੋਲ ਦੇਸ਼ ਵਿਚ ਸਭ ਤੋਂ ਵੱਧ ਜ਼ਮੀਨ 208.73 ਲੱਖ ਹੈਕਟੇਅਰ ਹੈ ਜੋ ਕੁੱਲ ਦਾ 13.2 ਫੀਸਦੀ ਬਣਦੀ ਹੈ।

ਕਿਸਾਨੀ ਦਾ ਵਰਗੀਕਰਨ ਜ਼ਮੀਨ ਦੇ ਆਕਾਰ ਮੁਤਾਬਿਕ ਕੀਤਾ ਜਾਂਦਾ ਹੈ। ਸਭ ਤੋਂ ਪਹਿਲਾ ਦਰਜਾ ਸੀਮਾਂਤ ਕਿਸਾਨ ਹਨ ਜਿਨ੍ਹਾਂ ਕੋਲ 1 ਹੈਕਟੇਅਰ ਤੋਂ ਘੱਟ ਜ਼ਮੀਨ ਹੈ। ਦੂਜੇ ਦਰਜੇ 'ਤੇ ਛੋਟੇ ਕਿਸਾਨ ਆਉਂਦੇ ਹਨ ਜਿਨ੍ਹਾਂ ਕੋਲ 1-2 ਹੈਕਟੇਅਰ ਦੇ ਵਿਚਾਲੇ ਜ਼ਮੀਨ ਹੈ। ਤੀਜੇ ਦਰਜੇ 'ਤੇ ਨੀਮ-ਦਰਮਿਆਨਾ ਵਰਗ ਆਉਂਦਾ ਹੈ ਜਿਨ੍ਹਾਂ ਕੋਲ-2-4 ਹੈਕਟੇਅਰ ਜ਼ਮੀਨ ਹੈ। ਚੌਥੇ ਦਰਜੇ 'ਤੇ ਦਰਮਿਆਨੇ ਕਿਸਾਨ ਹਨ ਜਿਨ੍ਹਾਂ ਦੀ ਜ਼ਮੀਨ 4-10 ਕੋਲ ਹੈਕਟੇਅਰ ਦੇ ਵਿਚਕਾਰ ਹੈ। ਪੰਜਵੇਂ ਦਰਜੇ 'ਤੇ ਵੱਡੇ ਕਿਸਾਨ ਆਉਂਦੇ ਹਨ ਜਿਨ੍ਹਾਂ ਦੀ ਜ਼ਮੀਨ 10 ਹੈਕਟੇਅਰ ਤੋਂ ਉੱਪਰ ਹੈ। ਇਸ ਵਰਗੀਕਰਨ ਅਨੁਸਾਰ ਸਾਰੇ ਦੇਸ਼ ਦੀ ਖੇਤੀ ਹਰ ਪੰਜ ਵਰ੍ਹੇ ਬਾਅਦ ਮਰਦਮਸ਼ੁਮਾਰੀ ਹੁੰਦੀ ਹੈ ਅਤੇ ਹਰ ਵਰਗ ਦੇ ਕਿਸਾਨਾਂ ਤੇ ਉਨ੍ਹਾਂ ਦੀ ਆਰਥਿਕਤਾ ਦਾ ਪੱਧਰ ਤੈਅ ਕੀਤਾ ਜਾਂਦਾ ਹੈ। 2015-16 ਦੀ ਖੇਤੀ ਮਰਦਮਸ਼ੁਮਾਰੀ ਅਨੁਸਾਰ ਦੇਸ਼ ਵਿਚ ਕੁੱਲ 1457.27 ਲੱਖ ਹਲਵਾਹਕ ਸਨ ਜਿਨ੍ਹਾਂ ਵਿਚ 68.52 ਫੀਸਦੀ ਸੀਮਾਂਤਕ ਕਿਸਾਨ, 17.69 ਫੀਸਦੀ ਨੀਮ-ਦਰਮਿਆਨੇ ਕਿਸਾਨ, 3.76 ਫੀਸਦੀ ਦਰਮਿਆਨੇ ਕਿਸਾਨ ਅਤੇ 0.57 ਫੀਸਦੀ ਵੱਡੇ ਕਿਸਾਨ ਸਨ। ਜੇ ਸੀਮਾਂਤਕ ਅਤੇ ਛੋਟੇ ਕਿਸਾਨਾਂ ਦੇ ਵਰਗਾਂ ਨੂੰ ਇਕੱਠਾ ਕਰ ਲਿਆ ਜਾਵੇ ਤਾਂ ਇਹ ਕੁੱਲ ਦਾ 86.21 ਫੀਸਦੀ ਬਣਦੇ ਹਨ, ਭਾਵ ਬਾਕੀ ਸਾਰੇ ਵਰਗ ਕੁੱਲ ਦਾ ਸਿਰਫ 13.79 ਫੀਸਦੀ ਹਨ। ਉਪਰੋਕਤ ਦੇਸ਼ ਦੇ ਔਸਤ ਅੰਕੜੇ ਹਨ। ਬਿਹਾਰ ਵਿਚ 91.21 ਫੀਸਦੀ, ਜੰਮੂ ਕਸ਼ਮੀਰ 'ਚ 83.79 ਫੀਸਦੀ ਤਾਮਿਲਨਾਡੂ 'ਚ 78.41 ਫੀਸਦੀ, ਤਿਲੰਗਾਨਾ 'ਚ 87.95 ਫੀਸਦੀ, ਉੱਤਰ ਪ੍ਰਦੇਸ਼ 'ਚ 80-18 ਫੀਸਦੀ, ਪੱਛਮੀ ਬੰਗਾਲ 'ਚ 82.81 ਫੀਸਦੀ ਅਤੇ ਉੱਤਰਾਖੰਡ ਵਿਚ 74.78 ਫੀਸਦੀ ਸੀਮਾਂਤਕ ਕਿਸਾਨ ਹਨ। ਸੀਮਾਂਤਕ ਕਿਸਾਨਾਂ ਦੀ ਹੋਰ ਵੰਡ ਕਰਨ 'ਤੇ ਜ਼ਿਆਦਾ ਹਿੱਸਾ ਉਨ੍ਹਾਂ ਕਿਸਾਨਾਂ ਦਾ ਬਣਦਾ ਹੈ ਜਿਨ੍ਹਾਂ ਕੋਲ ਜ਼ਮੀਨ ਇਕ ਏਕੜ ਤੋਂ ਵੀ ਘੱਟ ਹੈ।

ਕਿਸਾਨੀ ਦੀ ਆਰਥਿਕਤਾ ਬਾਰੇ ਗੱਲ ਕਰਦਿਆਂ ਅਕਸਰ ਅੰਕੜੇ ਦੇਸ਼ ਦੇ ਹੀ ਵਰਤੇ ਜਾਂਦੇ ਹਨ, ਪਰ ਹਰ ਸੂਬੇ ਦੀ ਆਪਣੀ ਨਿਵੇਕਲੀ ਸਥਿਤੀ ਵੀ ਹੈ। ਪੰਜਾਬ ਦਾ ਖੇਤੀ ਢਾਂਚਾ ਦੇਸ਼ ਦੇ ਬਾਕੀ ਸੂਬਿਆਂ ਨਾਲ ਨਹੀਂ ਰਲਦਾ। ਜੇ ਬਿਹਾਰ ਵਿਚ ਸੀਮਾਂਤਕ ਕਿਸਾਨਾਂ ਦੀ ਗਿਣਤੀ 91.21 ਫੀਸਦੀ ਹੈ ਤਾਂ ਪੰਜਾਬ ਵਿਚ ਤਾਂ ਪੰਜਾਬ ਵਿਚ ਇਹ ਸਿਰਫ 14.13 ਫੀਸਦੀ ਹੈ। ਇੱਥੇ ਛੋਟੇ ਕਿਸਾਨਾਂ ਦੀ ਗਿਣਤੀ 18.98 ਫੀਸਦੀ, ਨੀਮ-ਦਰਮਿਆਨੇ ਕਿਸਾਨਾਂ ਦੀ 33.67 ਫੀਸਦੀ, ਦਰਮਿਆਨੇ ਕਿਸਾਨਾਂ ਦੀ 27.93 ਫੀਸਦੀ ਅਤੇ ਵੱਡੇ ਕਿਸਾਨਾਂ ਦੀ 5.28 ਫੀਸਦੀ ਹੈ। ਵੱਡੇ ਕਿਸਾਨਾਂ ਦੀ ਗਿਣਤੀ ਵਿਚ ਪੰਜਾਬ ਤੋਂ ਸਿਰਫ ਅਰੁਣਾਚਲ ਪ੍ਰਦੇਸ਼ 5.91 ਫੀਸਦੀ ਅਤੇ ਨਾਗਾਲੈਂਡ 11.87 ਫੀਸਦੀ 'ਤੇ ਅੱਗੇ ਹਨ। ਬਿਹਾਰ ਵਿਚ ਸੀਮਾਂਤਕ ਅਤੇ ਛੋਟੇ ਕਿਸਾਨਾਂ ਨੂੰ ਜੋੜ ਲਿਆ ਜਾਵੇ ਤਾਂ ਉੱਥੋਂ ਦੇ ਕੁਲ ਕਿਸਾਨਾਂ ਦਾ 96.96 ਫੀਸਦੀ ਬਣਦੇ ਹਨ। ਪੰਜਾਬ ਵਿਚ ਦੋਵਾਂ ਦਾ ਜੋੜ 33.11 ਫੀਸਦੀ ਬਣਦਾ ਹੈ, ਭਾਵ ਕੁੱਲ ਇਕ-ਤਿਹਾਈ ਹਿੱਸਾ ਛੋਟੇ ਦਰਜੇ ਦੀ ਕਿਸਾਨੀ ਹੈ। ਦੋ ਹਿੱਸੇ ਦਰਮਿਆਨੇ ਅਤੇ ਵੱਡੀ ਕਿਸਾਨੀ ਦੇ ਬਣ ਜਾਂਦੇ ਹਨ। ਦੇਸ਼ ਵਿਚ ਅਜਿਹੀ ਸਥਿਤੀ ਕਿਸੇ ਵੀ ਹੋਰ ਸੂਬੇ ਦੀ ਨਹੀਂ ਹੈ। ਪੰਜਾਬ ਵਿਚ ਵੀ ਹਮੇਸ਼ਾਂ ਇੰਝ ਨਹੀਂ ਸੀ।

1970-71 ਵਿਚ ਪੰਜਾਬ ਵਿਚ ਸੀਮਾਂਤਕ ਕਿਸਾਨਾਂ ਦੀ ਗਿਣਤੀ 5,17,568 ਸੀ ਜਿਹੜੀ 2000-01 ਵਿਚ 76.28 ਫੀਸਦੀ ਘਟ ਕੇ 1,22,760 ਰਹਿ ਗਈ। ਇਸ ਉਪਰੰਤ ਇਸ ਵਿਚ ਫਿਰ ਥੋੜ੍ਹਾ ਵਾਧਾ ਹੋਇਆ। 2005-06 ਵਿਚ 1,34,762; 2010-11 ਵਿਚ 1,64,431 ਅਤੇ 2015-16 ਵਿਚ ਇਹ 1,54,412 ਹੋ ਗਈ। 1970-71 ਦੇ ਮੁਕਾਬਲੇ ਵਿਚ 3,63,156 ਕਿਸਾਨਾਂ ਦੀ ਘਾਟ ਪੈ ਗਈ ਭਾਵ ਇਸ ਵਰਗ ਵਿੱਚੋਂ 70.16 ਫੀਸਦੀ ਕਿਸਾਨ ਖੇਤੀ ਵਿੱਚੋਂ ਬਾਹਰ ਹੋ ਗਏ। ਇੰਝ ਹੀ ਛੋਟੇ ਕਿਸਾਨਾਂ ਦੀ ਗਿਣਤੀ 1970-71 ਵਿਚ 2,60,083 ਤੋਂ ਘਟ ਕੇ 2000-01 ਵਿਚ 1,73,071 ਰਹਿ ਗਈ। ਇਸ ਵਿਚ ਆਉਂਦੇ ਵਰ੍ਹਿਆਂ ਵਿਚ ਕੁਝ ਇਜ਼ਾਫਾ ਹੋਇਆ ਅਤੇ ਇਹ 2005-06 ਵਿਚ 1,83,062; 2010-11 ਵਿਚ 1,95,439 ਅਤੇ 2015-16 ਵਿਚ 2,07,436 ਹੋ ਗਈ। 1970-71 ਦੇ ਮੁਕਾਬਲੇ 45 ਵਰ੍ਹਿਆਂ ਵਿਚ ਇਸ ਵਰਗ ਦੇ 52,647 ਕਿਸਾਨ ਖੇਤੀ ਦੇ ਕਾਰਜ ਤੋਂ ਬਾਹਰ ਹੋ ਗਏ, ਭਾਵ ਇਸ ਵਰਗ ਦੇ 20.42 ਫੀਸਦੀ ਕਿਸਾਨ ਖੇਤੀ ਛੱਡ ਗਏ। ਅਜਿਹਾ ਹੀ ਭਾਣਾ ਵੱਡੀ ਕਿਸਾਨੀ ਨਾਲ ਵਾਪਰਿਆ ਹੈ ਜਿਸ ਦੀ ਗਿਣਤੀ ਵਿਚ ਵੀ ਵਰ੍ਹੇ ਦੇ ਵਰ੍ਹੇ ਬਹੁਤ ਤਬਦੀਲੀ ਆਉਂਦੀ ਰਹੀ ਹੈ। 1970-71 ਵਿਚ ਪੰਜਾਬ ਅੰਦਰ 68,883 ਵੱਡੇ ਕਿਸਾਨ ਗਿਣੇ ਗਏ ਸਨ ਜਿਹੜੇ 1980-81 ਵਿਚ ਵਧ ਕੇ 73,940 ਹੋ ਗਏ, ਪਰ ਆਉਂਦੇ ਪੰਜ ਵਰ੍ਹਿਆਂ ਵਿਚ 1990-91 ਦੌਰਾਨ ਘਟ ਕੇ 67,172 ਰਹਿ ਗਏ। ਇਹ 1995-96 ਵਿਚ 79,610 ਦੀ ਗਿਣਤੀ ਤੱਕ ਪਹੁੰਚ ਗਏ। ਪਰ 2000-01 ਵਿਚ ਘਟ ਕੇ 72,356 ਰਹਿ ਗਏ ਅਤੇ ਫਿਰ 2005-06 ਵਿਚ ਘਟ ਕੇ 70,960; 2010-11 ਵਿਚ 69,718 ਅਤੇ2015-16 ਵਿਚ 57,707 ਰਹਿ ਗਏ ਹਨ। ਜੇ 1970-77 ਤੋਂ ਲਾਈਏ ਤਾਂ ਕੁੱਲ 11,176 ਵੱਡੇ ਕਿਸਾਨ ਇਸ ਵਰਗ ਤੋਂ ਬਾਹਰ ਹੋ ਗਏ ਹਨ। ਇਸ ਦੇ ਉਲਟ ਨੀਮ-ਦਰਮਿਆਨੇ ਅਤੇ ਦਰਮਿਆਨੇ ਕਿਸਾਨਾਂ ਦੀ ਗਿਣਤੀ ਵਿਚ 1977 ਤੋਂ ਹੀ ਲਗਾਤਾਰ ਵਾਧਾ ਹੋ ਰਿਹਾ ਹੈ। ਦੋਵੇਂ ਵਰਗਾਂ ਵਿਚ ਮਿਲਾ ਕੇ ਪਿਛਲੇ 45 ਵਰ੍ਹਿਆਂ ਵਿਚ 1.44 ਲੱਖ ਕਿਸਾਨਾਂ ਦਾ ਵਾਧਾ ਹੋਇਆ ਹੈ। ਦੇਸ਼ ਵਿਚ ਕੁੱਲ ਕਿਸਾਨੀ ਦਾ ਔਸਤ 68.52 ਫੀਸਦੀ ਸੀਮਾਂਤ ਕਿਸਾਨ ਹਨ, ਪਰ ਪੰਜਾਬ ਵਿਚ 61.60 ਫੀਸਦੀ ਕਿਸਾਨ ਨੀਮ-ਦਰਮਿਆਨੇ ਅਤੇ ਦਰਮਿਆਨੇ ਵਰਗ ਨਾਲ ਸਬੰਧਿਤ ਹਨ। ਇੰਜ, ਪੰਜਾਬ ਦੇ ਕਿਸਾਨੀ ਅਰਥਚਾਰੇ ਦਾ ਆਧਾਰ ਬਾਕੀ ਦੇਸ਼ ਨਾਲੋਂ ਕੁਝ ਵੱਖਰਾ ਹੈ। ਦਰਮਿਆਨੇ ਅਤੇ ਵੱਡੇ ਕਿਸਾਨ ਮਿਲ ਕੇ ਪੰਜਾਬ ਦੀ ਕਿਸਾਨੀ ਦਾ ਕੋਈ 67 ਫੀਸਦੀ ਹੋ ਜਾਂਦੇ ਹਨ। ਖੇਤੀਚਾਰੇ ਵਿੱਚੋਂ ਇਸ ਵਰਗ ਕੋਲ ਕੁਝ ਸਰਪਲੱਸ ਇਕੱਤਰ ਹੋ ਸਕਦਾ ਹੈ, ਜਿਸ ਦਾ ਖੇਤੀ ਅਤੇ ਹੋਰ ਆਰਥਿਕ ਧੰਦਿਆਂ ਵਿਚ ਨਿਵੇਸ਼ ਕੀਤਾ ਜਾ ਸਕਦਾ ਹੈ।



ਗੁਲਜ਼ਾਰ ਸਿੰਘ ਜ਼ੀਰੇ ਤੋਂ ਦਸ ਕੁ ਕਿਲੋਮੀਟਰ ਦੂਰ ਪਿੰਡ ਮੀਆਂ ਸਿੰਘ ਵਾਲਾ ਦਾ ਸਾਬਕਾ ਸਰਪੰਚ ਹੈ ਅਤੇ ਆਪਣੇ ਪਰਿਵਾਰ ਨਾਲ ਜੱਦੀ ਤੇ ਠੇਕੇ 'ਤੇ ਲਈ ਜ਼ਮੀਨ ਮਿਲਾ ਕੇ ਕੋਈ 400 ਏਕੜ 'ਚ ਆਲੂਆਂ ਦੀ ਖੇਤੀ ਕਰਦਾ ਹੈ। ਉਨ੍ਹਾਂ ਇਕ ਲੱਖ ਬੋਰੀ ਦੀ ਸੰਭਾਲ ਲਈ ਕੋਲਡ ਸਟੋਰੇਜ ਲਗਾ ਰੱਖਿਆ ਹੈ ਜਿਹੜਾ ਉਨ੍ਹਾਂ ਦੇ ਆਲੂ ਦੇ ਬੀਜ ਦੀ ਕੁੱਲ ਫਸਲ ਸੰਭਾਲ ਲੈਂਦਾ ਹੈ। ਹੁਣ ਉਨ੍ਹਾਂ ਆਲੂ ਦਾ ਬੀਜ ਤਿਆਰ ਕਰਨ ਲਈ ਟਿਸ਼ੂ ਕਲਚਰ ਦੀ ਲੈਬ ਲਗਾਈ ਹੈ ਜਿਸ ਵਿਚ ਉਹ ਸਾਰੀਆਂ ਪ੍ਰਚੱਲਿਤ ਕਿਸਮਾਂ ਦੇ ਬੀਜ ਤਿਆਰ ਕਰਨਗੇ। ਗੁਲਜ਼ਾਰ ਸਿੰਘ ਦਾ ਕਹਿਣਾ ਹੈ ਕਿ ਸਬਜ਼ੀ ਦੀ ਫਸਲ ਦੀ ਕਣਕ ਝੋਨੇ ਨਾਲੋਂ ਜ਼ਿਆਦਾ ਬੱਚਤ ਹੈ, ਪਰ ਮਿਹਨਤ, ਖਰਚਾ ਅਤੇ ਜੋਖਮ ਵੱਧ ਹੈ। ਪਰ ਜੇ ਚਾਰ ਵਰ੍ਹਿਆਂ ਦੇ ਗੇੜ ਵਿਚ ਦੇਖਿਆ ਜਾਵੇ ਤਾਂ ਕਿਸਾਨ ਨਫੇ ਵਿਚ ਰਹਿੰਦਾ ਹੈ। ਖੇਤੀ ਦੀ ਹੋਰ ਤਰੱਕੀ ਲਈ ਉਹ ਆਪਣੇ ਇਕ ਪੋਤੇ ਨੂੰ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਵਿਚ ਪੜ੍ਹਾ ਰਹੇ ਹਨ। ਇਹ ਖੇਤੀ ਵਿਚ ਪੂੰਜੀ ਨਿਵੇਸ਼ ਦਾ ਮਾਡਲ ਹੈ ਜਿਹੜਾ ਸਨਅਤ ਨੂੰ ਖੇਤੀ ਵਿਚ ਲੈ ਆਉਂਦਾ ਹੈ ਅਤੇ ਇਸ ਵਿਚ ਫਸਲ ਨੂੰ ਉਸ ਦੇ ਕੱਚੇ ਰੂਪ ਵਿਚ ਨਹੀਂ ਸਗੋਂ ਉਸ ਦੀ ਕੀਮਤ ਵਿਚ ਵਾਧਾ ਕਰਕੇ ਅਤੇ ਆਪਣੀ ਲੋੜ ਅਨੁਸਾਰ ਵੇਚਿਆ ਜਾਂਦਾ ਹੈ। ਉਨ੍ਹਾਂ ਮਾਰਕੀਟਿੰਗ ਦਾ ਵੀ ਵਾਜਬ ਪ੍ਰਬੰਧ ਕੀਤਾ ਹੋਇਆ ਹੈ ਅਤੇ ਆਪਣਾ ਸਾਰਾ ਬੀਜ ਖੁਦ ਹੀ ਕਿਸਾਨਾਂ ਨੂੰ ਸਿੱਧਾ ਵੇਚਦੇ ਹਨ। ਉਨ੍ਹਾਂ ਦੇ ਗਾਹਕ ਦੂਰ ਗੁਜਰਾਤ ਤੱਕ ਫੈਲੇ ਹਨ। ਪੰਜਾਬ ਵਿਚ ਉਨ੍ਹਾਂ ਵਰਗੇ ਹੋਰ ਬਹੁਤ ਸਾਰੇ ਕਿਸਾਨ ਹਨ ਜਿਹੜੇ ਆਲੂ ਬੀਜ ਨੂੰ ਉਗਾਉਂਦੇ ਅਤੇ ਖੁਦ ਮੰਡੀਕਰਨ ਕਰਦੇ ਹਨ। ਇਸ ਸਮੇਂ ਆਲੂ ਦੇ ਬੀਜ ਦਾ 60 ਫੀਸਦੀ ਪੰਜਾਬ ਵਿਚ ਹੀ ਪੈਦਾ ਹੁੰਦਾ ਹੈ।

ਇਕ ਵੱਡੇ ਕਿਸਾਨ ਦੇ ਮੁਕਾਬਲੇ ਇਕ ਬਹੁਤ ਹੀ ਛੋਟਾ ਕਿਸਾਨ। ਇਹ ਸੱਜਣ ਬਿਜਲੀ ਬੋਰਡ ਤੋਂ ਰਿਟਾਇਰ ਹੋ ਕੇ ਬੁਢਲਾਡੇ ਦੇ ਲਾਗੇ ਆਪਣੇ ਪਿੰਡ ਦੇ ਬਾਹਰ ਘਰ ਪਾਇਆ ਹੋਇਆ ਹੈ। ਇਸ ਵਾਰ ਉਨ੍ਹਾਂ ਘਰ ਦੇ ਬਾਗਲ ਦੀਆਂ ਖਾਲੀ ਦੋ ਕਨਾਲਾਂ ਵਿਚ ਆਲੂ ਬੀਜ ਦਿੱਤੇ। ਸਾਂਭ-ਸੰਭਾਲ ਚੰਗੀ ਹੋਣ ਕਰ ਕੇ ਆਲੂ ਵਾਹਵਾ ਹੋ ਗਏ। ਮੰਡੀ ਤੋਂ ਭਾਅ ਪੁੱਛਿਆ ਤਾਂ ਅੱਠ ਰੁਪਏ ਕਿਲੋ ਮਿਲਿਆ। ਉਸ ਦਾ ਮਨ ਨਾ ਮੰਨਿਆ। ਮੁੰਡੇ ਨੂੰ ਨਾਲ ਲੈ ਚਾਰ ਬੋਰੀਆਂ ਕਾਰ ਵਿਚ ਰੱਖੀਆਂ ਤੇ ਕਿਸਾਨ ਮੰਡੀ ਲੈ ਆਂਦੀਆਂ। ਆਲੂ ਅਸਲੋਂ ਆਰਗੈਨਿਕ ਸਨ। ਉਨ੍ਹਾਂ ਨੇ ਵੀਹ ਰੁਪਏ ਕਿਲੋ ਦਾ ਭਾਅ ਕੱਢਿਆ ਅਤੇ ਲਿਆਂਦੀਆਂ ਬੋਰੀਆਂ ਵੇਚ ਲਈਆਂ। ਚਾਰ ਪੰਜ ਦਿਨਾਂ ਦੀ ਮਿਹਨਤ ਨਾਲ ਉਨ੍ਹਾਂ ਸਾਰਾ 20 ਕੁਇੰਟਲ ਆਲੂ ਵੀਹ ਰੁਪਏ ਦੇ ਭਾਅ ਵੇਚ ਲਿਆ। ਉਨ੍ਹਾਂ ਨੂੰ ਮੰਡੀ ਵਿਚ ਆਲੂ ਵੇਚਦੇ ਵੇਖ ਕੇ ਇਕ ਦੋ ਜਾਣਕਾਰਾਂ ਨੇ ਪੁੱਛਿਆ ਕਿ ਹੁਣ ਇਹ ਕੰਮ ਵੀ ਕਰੋਗੇ ? ਉਨ੍ਹਾਂ ਕਿਹਾ ਕਿ ਆਪਣੀ ਫਸਲ ਨੂੰ ਮਾਣ ਨਾਲ ਵੇਚ ਰਹੇ ਹਾਂ; ਤੁਸੀ ਵੀ ਲੈ ਜਾਓ ਆਲੂ ਵਧੀਆ ਹਨ।

ਇੱਥੇ ਗੱਲ ਵੀਹ ਪੰਜੀ ਕੁਇੰਟਲ ਆਲੂ ਪੈਦਾ ਕਰਨ ਜਾਂ ਵੇਚ ਲੈਣ ਦੀ ਨਹੀਂ ਹੈ ਸਗੋਂ ਇਕ ਉੱਦਮਸ਼ੀਲ ਭਾਵਨਾ ਦੀ ਹੈ ਕਿ ਕਿਵੇਂ ਘੱਟ ਤੋਂ ਘੱਟ ਸਾਧਨਾਂ ਤੋਂ ਵੱਧ ਤੋਂ ਵੱਧ ਮੌਕੇ ਬਣਾਏ ਜਾ ਸਕਦੇ ਹਨ। ਅਜਿਹਾ ਹੀ ਕਾਰਜ ਪੰਜਾਬ ਦੇ ਕੁਝ ਉੱਦਮਸ਼ੀਲ ਨੌਜਵਾਨ ਵਿਦੇਸ਼ਾਂ ਲਈ ਵਿਦੇਸ਼ੀ ਫੁੱਲਾਂ ਦੀ ਬੀਜ ਬਰਾਮਦ ਕਰਕੇ ਕਰ ਰਹੇ ਹਨ। ਗੁਰਨਵਿੰਦਰ ਸਿੰਘ ਪੀ.ਏ.ਯੂ. ਲੁਧਿਆਣਾ ਤੋਂ ਪੜ੍ਹਿਆ ਹੈ ਅਤੇ ਮੁਹਾਲੀ ਰਹਿੰਦਾ ਹੈ। ਉਸ ਨੇ ਆਪਣਾ ਕਾਰ ਵਿਹਾਰ ਫੁੱਲਾਂ ਦੀ ਖੇਤੀ ਤੋਂ ਸ਼ੁਰੂ ਕੀਤਾ ਸੀ, ਪਰ ਹੁਣ ਕੁਝ ਸਾਲਾਂ ਤੋਂ ਫੁੱਲਾਂ ਦਾ ਬੀਜ ਉਗਾ ਰਿਹਾ ਹੈ। ਉਹ ਬੀਜ ਉਗਾਉਣ ਲਈ ਕਿਸਾਨਾਂ ਨਾਲ ਕੰਟਰੈਕਟ ਕਰਕੇ ਉਨ੍ਹਾਂ ਨੂੰ ਬੀਜ ਅਤੇ ਇਸ ਨੂੰ

ਬਾਕੀ ਸਫਾ 10 'ਤੇ

# ਪਵਿੱਤਰ ਤੁਲਸੀ ਦੇ ਪਵਿੱਤਰ ਫਾਇਦੇ




**ਵੈਦ ਬੀ ਕੇ ਸਿੰਘ**, ਪਿੰਡ ਅਤੇ ਡਾਕ. ਜੈ ਸਿੰਘ ਵਾਲਾ, ਤਹਿ. ਬਾਘਾ ਪੁਰਾਣਾ (ਮੋਗਾ) ਮੋ. 98726-10005

ਪੂਜਣ ਯੋਗ ਤੁਲਸੀ ਨੂੰ ਘਰ ਦੇ ਵਿਹੜੇ ਵਿਚ ਬੜ੍ਹੇ ਮਾਣ ਨਾਲ ਸਥਾਪਿਤ ਕੀਤਾ ਜਾਂਦਾ ਹੈ। ਤੁਲਸੀ ਨੂੰ ਮਾਤਾ ਦਾ ਦਰਜਾ ਦੇ ਕੇ ਬੜ੍ਹੀ ਸ਼ਰਧਾ ਨਾਲ ਪੂਜਿਆ ਜਾਂਦਾ ਹੈ । ਪਵਿੱਤਰ



ਚੀਜ਼ ਦੀ ਮਨੁੱਖੀ ਜੀਵਨ ਵਿਚ ਬਹੁਤ ਬੜੀ ਅਹਿਮੀਅਤ ਹੁੰਦੀ ਹੈ । ਤੁਲਸੀ ਦਾ ਪੌਦਾ ਬੜਾ ਪਵਿੱਤਰ ਹੈ। ਆਯੁਰਵੈਦ ਵਿੱਚ ਤੁਲਸੀ ਬਹੁਤ ਅਸਰਦਾਇਕ ਅਤੇ ਅਨੇਕਾਂ ਰੋਗਾਂ ਵਿੱਚ ਬਹੁਤ ਫਾਇਦੇਮੰਦ ਮੰਨੀ ਗਈ ਹੈ । ਤੁਲਸੀ ਕਫ ਰੋਗਾਂ ਵਿੱਚ ਕਾਰਗਰ ਹੈ। ਇੰਮੀਨਿਊਟੀ ਬੂਸਟਰ ਹੈ ਅਤੇ ਸਰੀਰ ਨੂੰ ਡਿਟੌਕਸ ਕਰਦੀ ਹੈ ਭਾਵ ਸਰੀਰ ਵਿਚੋਂ ਵਿਸ਼ੈਲੇ ਤੱਤਾਂ ਨੂੰ ਬਾਹਰ ਕੱਢਦੀ ਹੈ । ਆਯੂਰਵੈਦ ਵਿੱਚ ਜਿੰਨੇ ਵੀ ਕਫ ਸਿਰਪ ਆਉਂਦੇ ਹਨ । ਉਨ੍ਹਾਂ ਵਿਚ ਤੁਲਸੀ ਜ਼ਰੂਰ ਪਾਈ ਜਾਂਦੀ ਹੈ । ਕਈ ਕੰਪਨੀਆਂ ਪੰਜ ਤੁਲਸੀ ਦੇ ਨਾਮ ਤੇ ਡਰੌਪਸ ਬੜੇ ਜ਼ੋਰਾਂ-ਸ਼ੋਰਾਂ ਨਾਲ ਬਜ਼ਾਰ 'ਚ ਵੇਚ ਰਹੀਆਂ ਹਨ । ਪੰਜ ਤੁਲਸੀ ਨਾਲ ਕਈ ਰੋਗਾਂ ਦੇ ਠੀਕ ਹੋਣ ਦੇ ਦਾਅਵੇ ਕੀਤੇ ਜਾ ਰਹੇ ਹਨ, ਜੋ ਇਕ ਸੱਚਾਈ ਹੈ ਕਿਉਂਕਿ ਇਹ ਸਰੀਰ ਦੀ ਸਫਾਈ ਕਰਦੀ ਹੈ। ਸਰੀਰ 'ਚ ਇਕੱਠੇ ਹੋਏ ਵਿਸ਼ੈਲੇ ਤੱਤ ਬਾਹਰ ਕੱਢਦੀ ਹੈ। ਜਦੋਂ ਤੁਹਾਡੇ ਸਰੀਰ 'ਚੋਂ ਵਿਸ਼ੈਲਾਪਣ ਬਾਹਰ ਨਿਕਲਦਾ ਹੈ ਤਾਂ ਤੁਹਾਡੇ ਸਰੀਰ ਦੀ ਸਫਾਈ ਹੁੰਦੀ ਹੈ । ਜਿਹੜੀ ਗੰਦਗੀ ਸਰੀਰ 'ਚੋਂ ਬਾਹਰ ਜਾਏਗੀ ਉਸ ਨਾਲ ਤੁਹਾਡੇ ਸਰੀਰ ਦਾ ਸਿਸਟਮ ਠੀਕ ਹੋਣਾ ਸ਼ੁਰੂ ਹੋ ਜਾਵੇਗਾ । ਜਿਸ ਨਾਲ ਸਰੀਰ ਨੂੰ ਲੱਗੇ ਰੋਗ ਠੀਕ ਹੋਣੇ ਸ਼ੁਰੂ ਹੋ ਜਾਣਗੇ । ਇਸ ਲਈ ਆਪਾਂ ਨੂੰ ਘਰ 'ਚ ਕੋਈ ਵੀ ਮੈਡੀਸਨਲ ਪਲਾਂਟ ਲਗਾ ਕੇ ਵਿਹਲੇ ਨਹੀਂ ਹੋਣਾ ਚਾਹੀਦਾ। ਸਗੋਂ ਉਸ ਦੀ ਪੂਰੀ ਜਾਣਕਾਰੀ ਲੈ ਕੇ ਰੋਜ਼ਾਨਾ ਜ਼ਿੰਦਗੀ 'ਚ ਉਹਨੂੰ ਵਰਤੋਂ 'ਚ ਲਿਆਉਣਾ ਚਾਹੀਦਾ ਹੈ । ਮੇਰਾ ਦਾਅਵਾ ਹੈ ਕਿ ਤੁਹਾਨੂੰ ਸਾਰੀ ਜ਼ਿੰਦਗੀ ਕੋਈ ਰੋਗ ਨਹੀਂ ਹੋ ਸਕਦਾ ਕਿਉਂਕਿ ਆਪਣੀ ਧਰਤੀ ਤੇ ਹਰ ਬੀਮਾਰੀ ਦੇ ਮੈਡੀਸਨਲ ਪਲਾਂਟ ਤੇ ਜੜ੍ਹੀ ਬੂਟੀਆਂ ਪਈਆਂ ਹਨ । ਜਿਨ੍ਹਾਂ ਚੋਂ ਤੁਲਸੀ ਵੀ ਇਕ ਹੈ । ਤੁਲਸੀ ਪੰਜ ਤਰ੍ਹਾਂ ਦੀ ਹੁੰਦੀ ਹੈ । ਸਯਾਮ ਤੁਲਸੀ, ਰਾਮ ਤੁਲਸੀ, ਵਿਸ਼ਣੂ ਤੁਲਸੀ, ਵਨ ਤੁਲਸੀ, ਨਿੰਬੂ ਤੁਲਸੀ, ਇਨ੍ਹਾਂ 'ਚ ਰਾਮ ਤੁਲਸੀ ਅਤੇ ਸਯਾਮ ਤੁਲਸੀ ਨੂੰ ਘਰਾਂ 'ਚ ਲਾਇਆ ਜਾਂਦਾ ਹੈ। ਰਾਮ ਤੁਲਸੀ ਦੇ ਹਰੇ ਰੰਗ ਦੇ ਪੱਤੇ ਹੁੰਦੇ ਹਨ। ਸਯਾਮ ਤੁਲਸੀ ਦੇ ਪੱਤੇ ਹਲਕੇ-ਹਲਕੇ ਕਾਲੇ ਹੁੰਦੇ ਹਨ । ਵਨ ਤੁਲਸੀ ਦੇ ਪੱਤੇ ਇਨ੍ਹਾਂ ਦੋਵਾਂ ਨਾਲੋਂ ਵੱਡੇ ਹੁੰਦੇ ਹਨ । ਇਹ ਤਿੰਨੇ ਤੁਲਸੀਆਂ ਆਸਾਨੀ ਨਾਲ ਮਿਲ ਜਾਂਦੀਆਂ ਹਨ ਅਤੇ ਬਾਕੀ ਦੋ ਤੁਲਸੀਆਂ ਦੇ ਪੱਤੇ ਹਰੇ ਹੀ ਹੁੰਦੇ ਹਨ । ਉਹ ਹਰੇਕ ਜਗ੍ਹਾ ਤੇ ਨਹੀਂ ਮਿਲਦੀਆਂ, ਗ੍ਰੰਥਾਂ 'ਚ ਤੁਲਸੀ 10 ਪ੍ਰਕਾਰ ਦੀ ਦੱਸੀ ਗਈ ਹੈ । ਇਸ ਦਾ ਕਾਰਨ ਤੁਲਸੀ ਦੇ ਬੂਟੇ ਨਾਲ ਮਿਲਦੇ-ਜੁਲਦੇ ਪੌਦੇ ਨੂੰ ਹੀ ਤੁਲਸੀ ਦੱਸਿਆ ਜਾਂਦਾ ਹੈ ।



ਪਹਿਲਾਂ ਦੱਸੀਆਂ ਪੰਜ ਤੁਲਸੀਆਂ ਦਾ ਅਰਕ ਕੱਢਿਆ ਜਾਂਦਾ ਹੈ। ਜਿਹਨੂੰ ਬਾਜ਼ਾਰ 'ਚ ਪੰਜ ਤੁਲਸੀ ਡਰੌਪ ਕਹਿ ਕੇ ਕਈ ਰੋਗ, ਠੀਕ ਹੋਣ 'ਚ ਕਾਰਗਾਰ ਦੱਸਿਆ ਗਿਆ ਹੈ । ਕਿਉਂਕਿ ਇਹ ਐਂਟੀ ਔਕਸੀਡੈਂਟ (ਸਰੀਰ 'ਚੋਂ ਜ਼ਹਿਰ ਕੱਢਣਾ) ਐਂਟੀ ਬੈਕਟੀਰੀਅਲ (ਕਿਸੇ ਵੀ ਵਾਇਰਲ ਬੁਖਾਰ ਨੂੰ ਖਤਮ ਕਰਨ ਵਾਲੀ) ਐਂਟੀ ਫਲੂ (ਅਲਰਜਿਕ ਜ਼ੁਕਾਮ, ਖਾਂਸੀ) ਐਂਟੀਬਾਇਓਟਿਕ (ਹਰੇਕ ਤਰ੍ਹਾਂ ਦੀ ਇੰਨਫੈਕਸ਼ਨ ਖਤਮ ਕਰਨ ਵਾਲੀ), ਐਂਟੀ ਇਨਫਲਮੈਂਨਟਰੀ (ਦਰਦ ਨਾਸ਼ਕ) ਹੁੰਦੀ ਹੈ । ਐਨੇ ਗੁਣ ਹੋਣ ਕਰਕੇ ਇਹ ਕਈ ਰੋਗ ਠੀਕ ਕਰਦੀ ਹੈ । ਤੁਲਸੀ ਦੇ ਪੱਤੇ ਚਾਹ 'ਚ ਲੌਂਗ, ਛੋਟੀ ਇਲਾਚੀ, ਅਦਰਕ ਪਾ ਕੇ ਪੀਤੇ ਜਾਂਦੇ ਹਨ । ਜਿਸ ਨਾਲ ਖਾਂਸੀ, ਜੁਕਾਮ, ਗੱਲਾ ਖਰਾਬ ਨਹੀਂ ਹੁੰਦਾ । ਜੇਕਰ ਇਹ ਬੀਮਾਰੀਆਂ ਲੱਗੀਆਂ ਹੋਣ ਤਾਂ ਜਲਦੀ ਠੀਕ ਹੁੰਦੀਆਂ ਹਨ । ਬਜ਼ਾਰ 'ਚ ਤੁਲਸੀ ਦਾ ਰਸ ਵੇਚਿਆ ਜਾਂਦਾ ਹੈ । ਜਿਸ ਵਿੱਚ ਕੈਮੀਕਲ ਹੁੰਦੇ ਹਨ । ਜਿਵੇਂ ਸੋਡੀਅਮ ਬੈਂਜ਼ੁਏਟ, ਮਥੈਲ ਪੈਰਾਬੀਨ ਸੋਡੀਅਮ ਕਈ ਹੋਰ ਵੀ ਕੈਮੀਕਲ ਪਾਏ ਜਾਂਦੇ ਹਨ। ਜਿਨ੍ਹਾਂ ਦੇ ਸਰੀਰ ਤੇ ਭੈੜੇ ਪ੍ਰਭਾਵ ਪੈਂਦੇ ਹਨ। ਤਾਜ਼ੀ ਚੀਜ਼ ਵਰਤਣ ਦੇ ਹਾਨੀ ਰਹਿਤ ਫਾਇਦੇ ਹੁੰਦੇ ਹਨ । ਇਨ੍ਹਾਂ 'ਚ ਕੈਮੀਕਲ ਪਾ ਕੇ ਕਈ ਸਾਲ ਪ੍ਰੋਡੈਕਟ ਵਰਤਣ ਦੀ ਤਰੀਕ ਵਧਾਈ ਜਾਂਦੀ ਹੈ । ਜੋ ਕੁਦਰਤੀ ਚੀਜ਼ ਨਾਲ ਸਿੱਧੀ ਛੇੜਛਾੜ ਹੈ । ਸੋ ਜਿਹੜੀਆਂ ਚੀਜ਼ਾਂ ਆਪ ਨੂੰ ਆਮ ਮਿਲ ਜਾਂਦੀਆਂ ਹਨ । ਉਨ੍ਹਾਂ ਨੂੰ ਆਪ ਤਿਆਰ ਕਰਕੇ ਵਰਤਣ 'ਚ ਭਲਾਈ ਹੈ ।

ਤੁਲਸੀ ਇੰਮੀਨਿਊਟੀ ਵਧਾਉਣ 'ਚ ਬਹੁਤ ਲਾਹੇਵੰਦ ਹੈ। ਹੁਣ ਆਪਾਂ ਤੁਲਸੀ ਨੂੰ ਹੋਰ ਜੜ੍ਹੀਆਂ ਬੂਟੀਆਂ ਨਾਲ ਵਰਤਕੇ ਬਹੁਤ ਫਾਇਦੇ ਲੈ ਸਕਦੇ ਹਾਂ ।

★ ਤੁਲਸੀ ਦਾ ਤੇਲ ਨੱਕ 'ਚ ਪਾਉਣ ਨਾਲ ਪੁਰਾਣਾ ਸਿਰ ਦਰਦ ਠੀਕ ਹੁੰਦਾ ਹੈ । ਇਸਦਾ ਤੇਲ ਸਿਰ 'ਚ ਲਾਉਣ ਨਾਲ ਸਿਰ 'ਚ ਪਈਆਂ ਲੀਖਾਂ ਅਤੇ ਸਿਰ ਦੀਆਂ ਜੂੰਆਂ ਮਰ ਜਾਂਦੀਆਂ ਹਨ ।

★ ਕਾਲੀ ਮਿਰਚ ਅਤੇ ਤੁਲਸੀ ਦੇ ਪੱਤਿਆਂ ਨੂੰ ਆਪਸ 'ਚ ਰਗੜਕੇ ਗੋਲੀ ਜਿਹੀ ਬਣਾਓ ਜਿਨ੍ਹਾਂ ਦੀ ਜਾੜ੍ਹ ਦੁਖਦੀ ਹੈ ਉਨ੍ਹਾਂ ਨੂੰ ਇਹ ਗੋਲੀ ਜਾੜ੍ਹ ਥੱਲੇ ਰੱਖਣੀ ਚਾਹੀਦੀ ਹੈ, ਦਰਦ ਠੀਕ ਹੋ ਜਾਂਦਾ ਹੈ ।

★ ਇਕ ਚਮਚ ਤੁਲਸੀ ਰਸ, ਥੋੜ੍ਹੀ ਜਿਹੀ ਹਲਦੀ, ਥੋੜ੍ਹਾ ਜਿਹਾ ਸੇਂਧਾ ਨਮਕ, ਇਕ ਗਲਾਸ ਕੋਸੇ ਪਾਣੀ 'ਚ ਪਾ ਕੇ ਗਰਾਰੇ ਕਰੋ। ਦੰਦਾਂ ਦੇ ਰੋਗ, ਗਲਾ ਦੁੱਖਣਾ ਜਾਂ ਟੌਨਸਿਲ ਠੀਕ ਹੁੰਦੇ ਹਨ ।

★ ਤੁਲਸੀ ਦੇ ਬੀਜ 100 ਗ੍ਰਾਮ, ਸਤਾਵਰ 100 ਗ੍ਰਾਮ, ਸਫੈਦ ਮੂਸਲੀ 100 ਗ੍ਰਾਮ, ਕੌਂਚ ਬੀਜ 100 ਗ੍ਰਾਮ, ਸਭ ਨੂੰ ਪਾਊਡਰ ਬਣਾਉ ਅੱਧਾ ਚਮਚ ਦੁੱਧ ਨਾਲ ਸਵੇਰੇ ਸ਼ਾਮ ਖਾਉ, ਵੀਰਜ਼ ਗਾੜਾ ਹੋਵੇਗਾ । ਸ਼ੀਘਰਪਤਨ, ਨਾਮਰਦੀ 'ਚ ਬਹੁਤ ਫਾਇਦਾ ਹੁੰਦਾ ਹੈ ।

★ ਇਕ ਚਮਚ ਤੁਲਸੀ ਰਸ, ਇਕ ਟੁਕੜਾ ਅਦਰਕ, ਕਾਲੀ ਮਿਰਚ, ਇਕ ਟੁਕੜਾ ਗਿਲੋ ਸਭ ਨੂੰ ਮੋਟਾ-ਮੋਟਾ ਕੁੱਟਕੇ ਦੋ ਗਲਾਸ ਪਾਣੀ 'ਚ ਉਬਾਲੋ । ਇਕ ਗਲਾਸ ਰਹਿਣ 'ਤੇ 1 ਚਮਚ ਸ਼ਹਿਦ ਮਿਲਾ ਕੇ ਪੀ ਲਵੋ। ਇਮੀਨਿਊਟੀ ਵਧੇਗੀ, ਖਾਂਸੀ ਜ਼ੁਕਾਮ ਕਰਕੇ ਬੁਖਾਰ ਹੋਇਆ ਹੋਵੇ ਇਸ 'ਚ ਅਸਰਦਾਰ ਸਿੱਧ ਹੁੰਦੀ ਹੈ ।

### ਆਯੂਰਵੈਦਿਕ ਚਾਹ ਮਸਾਲਾ

ਛੋਟੀ ਇਲਾਚੀ 50 ਗ੍ਰਾਮ, ਬੜੀ ਇਲਾਚੀ 5 ਨਗ, ਤੁਲਸੀ ਦੇ ਸੁੱਕੇ ਪੱਤੇ 25 ਗ੍ਰਾਮ, ਸੁੰਡ 25 ਗ੍ਰਾਮ, ਜੈ ਫਲ 10 ਗ੍ਰਾਮ, ਦਾਲ ਚੀਨੀ 50 ਗ੍ਰਾਮ, ਕਾਲੀ ਮਿਰਚ 20 ਗ੍ਰਾਮ, ਲੌਂਗ 20 ਗ੍ਰਾਮ ਇਨ੍ਹਾਂ ਸਭ ਨੂੰ ਕੜਾਹੀ 'ਚ ਪਾ ਕੇ ਬਿਲਕੁਲ ਹਲਕਾ-ਹਲਕਾ ਫਰਾਈ ਕਰੋ । ਸਭ ਦਾ ਪਾਊਡਰ ਬਣਾਉ । ਹੁਣ ਇਸ 'ਚ 50 ਗ੍ਰਾਮ ਮਿਸਰੀ 'ਤੇ 10 ਗ੍ਰਾਮ ਮੁਲੱਠੀ ਕੁਟਕੇ ਮਿਲਾ ਲਵੋ । ਇਹ ਚਾਹ ਮਸਾਲਾ ਤੁਸੀਂ ਆਪਣੇ ਹੱਥੀਂ ਬਣਾ ਕੇ ਦੇਖ ਲਵੋ, ਸਾਰੀ ਉਮਰ ਇਸਨੂੰ ਰਸੋਈ ਦਾ ਹਿੱਸਾ ਬਣਾ ਕੇ ਰੱਖੋਗੇ । ਚਾਹ ਬਹੁਤ ਹੀ ਸਵਾਦ ਬਣਦੀ ਹੈ। ਇਸ ਨਾਲ ਖਾਂਸੀ, ਜ਼ੁਕਾਮ ਨਹੀਂ ਹੁੰਦਾ, ਹਾਜ਼ਮਾ ਠੀਕ ਰਹਿੰਦਾ ਹੈ ਅਤੇ ਇੰਮੀਨਿਊਟੀ ਬੂਸਟਰ ਹੈ। ਪਾਠਕਾਂ ਨਾਲ ਪਿਆਰ ਹੈ ਇਸ ਲਈ ਮੈਂ ਇਹ ਨੁਸਖਾ ਸਭ ਨੂੰ ਦੱਸ ਦਿੱਤਾ। ਚਾਹ ਪੀ ਕੇ ਮੈਨੂੰ ਫੋਨ ਜ਼ਰੂਰ ਕਰਨਾ ਕਿ ਚਾਹ ਦੇ ਸੁਆਦ 'ਚ ਕਿੰਨਾ ਕੁ ਵਾਧਾ ਹੋਇਆ । ਤੁਲਸੀ ਆਪਣੇ ਘਰ ਜ਼ਰੂਰ ਲਾਵੋ । ਤੁਸੀਂ ਅਨੇਕਾਂ ਰੋਗ ਤੋਂ ਬਚੇ ਰਹੋਗੇ ।

ਬਾਕੀ ਸਫਾ 9 ਦੀ

## ਖੇਤੀ 'ਚੋਂ ਬਾਹਰ ਹੋ ਰਹੇ ਪੰਜਾਬ ਦੇ ਕਿਸਾਨ

ਉਗਾਉਣ ਲਈ ਕੁੱਲ ਅਗਵਾਈ ਦਿੰਦਾ ਹੈ ਅਤੇ ਮਿੱਥੇ ਭਾਅ 'ਤੇ ਕਿਸਾਨ ਦੀ ਸਾਰੀ ਫਸਲ ਖਰੀਦ ਲੈਂਦਾ ਹੈ। ਕੰਟਰੈਕਟ ਲਈ ਉਸ ਦੀ ਜ਼ਿਆਦਾਤਰ ਚੋਣ ਛੋਟੇ ਕਿਸਾਨ ਹੁੰਦੇ ਹਨ ਜਿਹੜੇ ਮਿਹਨਤ ਕਰਕੇ ਆਪਣੀ ਥੋੜ੍ਹੀ ਜ਼ਮੀਨ ਤੋਂ ਵੱਧ ਆਮਦਨ ਲੈਣਾ ਚਾਹੁੰਦੇ ਹਨ । ਫੁੱਲਾਂ ਦੇ ਬੀਜ ਸਿਰਫ ਹਾੜ੍ਹੀ ਦੀ ਫਸਲ ਲਈ ਬੀਜੇ ਜਾਂਦੇ ਹਨ ਅਤੇ ਕਿਸਾਨ ਨੂੰ ਸਾਉਣੀ ਲਈ ਜ਼ਮੀਨ ਵਿਚ ਮਿਲ ਜਾਂਦੀ ਹੈ । ਉਹ ਲਗਭਗ 100 ਏਕੜ ਦੇ ਕਰੀਬ ਬੀਜ ਉਗਵਾਉਂਦਾ ਹੈ । ਫਿਰ ਉਸ ਨੂੰ ਪ੍ਰਾਸੈਸ ਅਤੇ ਪੈਕ ਕਰਕੇ ਨਿਰਯਾਤ ਕਰਦਾ ਹੈ ਜਿਸ ਤੋਂ ਉਸ ਦੀ ਵੱਟਕ ਕੋਈ ਡੇਢ ਦੋ ਕਰੋੜ ਰੁਪਏ ਦੇ ਕਰੀਬ ਹੋ ਜਾਂਦੀ ਹੈ । ਇਸ ਦਾ ਲਗਭਗ 60 ਫੀਸਦੀ ਕਿਸਾਨਾਂ ਨੂੰ ਉਨ੍ਹਾਂ ਦੀ ਫਸਲ ਬਦਲੇ ਮਿਲ ਜਾਂਦਾ ਹੈ। ਗੁਰਨਵਿੰਦਰ ਸਿੰਘ ਦਾ ਮੰਨਣਾ ਹੈ ਕਿ ਜਿਹੜੇ ਕਿਸਾਨ ਉਸ ਦੇ ਕੰਟਰੈਕਟ ਅਧੀਨ ਫੁੱਲਾਂ ਦੇ ਬੀਜ ਦੀ ਖੇਤੀ ਕਰਦੇ ਹਨ ਅਤੇ ਪੂਰੀ ਲਗਨ ਤੇ ਮਿਹਨਤ ਨਾਲ ਕੰਮ ਕਰਦੇ ਹਨ ਹਾਂ, ਉਨ੍ਹਾਂ ਲਈ ਇੱਕ ਏਕੜ ਦੀ ਇਕ ਫਸਲ ਵਿੱਚੋਂ ਲੱਖ ਰੁਪਏ ਤੋਂ ਜ਼ਿਆਦਾ ਬਚਾ ਲੈਣਾ ਕੋਈ ਵੱਡੀ ਗੱਲ ਨਹੀਂ ਹੈ । ਜੇ ਵਪਾਰਕ ਦ੍ਰਿਸ਼ਟੀਕੋਣ ਤੋਂ ਦੇਖੀਏ ਤਾਂ ਇਨ੍ਹਾਂ 100 ਏਕੜਾਂ ਤੋਂ ਕਣਕ ਦੀ ਵੱਟਕ ਕੋਈ 45-50 ਲੱਖ ਦੇ ਵਿਚ ਹੋ ਸਕਦੀ ਸੀ ਜਿੱਥੇਂ ਫੁੱਲਾਂ ਦੇ ਬੀਜ ਦੀ ਵਿਕਰੀ ਡੇਢ-ਦੋ ਕਰੋੜ ਤੱਕ ਹੋ ਸਕਦੀ ਹੈ । ਫੁੱਲਾਂ ਦੇ ਬੀਜਾਂ ਦੀ ਬਰਾਮਦ ਕਰਨ ਵਾਂਗੂੰ ਕੁਝ ਨੌਜਵਾਨ ਸਬਜ਼ੀਆਂ ਦੇ ਬੀਜਾਂ ਦੀ ਵੀ ਇਸ ਤਰ੍ਹਾਂ ਹੀ ਖੇਤੀ ਕਰ ਰਹੇ ਹਨ ।

ਜਿਵੇਂ ਕਿ ਪਹਿਲਾਂ ਦਰਸਾਇਆ ਗਿਆ ਹੈ ਪੰਜਾਬ ਦੀ ਕਿਰਸਾਨੀ ਦਾ ਇੱਕ-ਤਿਹਾਈ ਹਿੱਸਾ ਸੀਮਾਂਤਕ ਜਾਂ ਛੋਟਾ ਕਿਸਾਨ ਹੈ ਜਿਸ ਦੀ ਖੇਤੀ ਲਾਹੇਵੰਦ ਨਾ ਹੋਣ ਕਰਕੇ ਉਹ ਲਗਾਤਾਰ ਖੇਤੀ ਤੋਂ ਬਾਹਰ ਹੋ ਰਿਹਾ ਹੈ ਕਿਸਾਨ ਨੂੰ ਕਿਸਾਨ ਬਣਨ ਲਈ ਕਿਸੇ ਯੂਨੀਵਰਸਿਟੀ ਦੀ ਡਿਗਰੀ ਪਾਸ ਕਰਨ ਤੋਂ ਘੱਟ ਸਮਾਂ ਨਹੀਂ ਲੱਗਦਾ । ਇਹ ਖੇਤੀ ਵਿਚ ਪ੍ਰਬੀਨ ਪੰਜਾਬੀ ਬੰਦੇ ਜ਼ਮੀਨ ਦੀ ਘਾਟ ਕਾਰਨ ਖੇਤੀ ਤੋਂ ਬਾਹਰ ਉਨ੍ਹਾਂ ਧੰਦਿਆਂ ਵਿਚ ਜਾਂਦੇ ਹਨ ਜਿਨ੍ਹਾਂ ਬਾਰੇ ਇਨ੍ਹਾਂ ਨੂੰ ਕੋਈ ਗਿਆਨ ਨਹੀਂ ਹੁੰਦਾ । ਥੋੜ੍ਹੀ ਜਿਹੀ ਸਮਝਦਾਰੀ, ਸਾਂਝ, ਯੋਜਨਾਬੰਦੀ ਅਤੇ ਆਪਣੇ ਆਪਣੇ ਲਾਭ ਲਈ ਕਿਸੇ ਵੀ ਤਰ੍ਹਾਂ ਸਭ ਨੂੰ ਵੱਡੀ ਅਤੇ ਲਾਹੇਵੰਦ ਖੇਤੀ ਨਾਲ ਜੋੜਿਆ ਜਾ ਸਕਦਾ ਹੈ । ਇਸ ਦਾ ਮਾਡਲ ਪ੍ਰਚੱਲਿਤ ਤਰੀਕਿਆਂ ਤੋਂ ਇਲਾਵਾ ਕੁਲੈਕਟਿਵ ਖੇਤੀ, ਐਫ. ਪੀ. ਓ., ਕੋਆਪਰੇਟਿਵਸ, ਕੰਟਰੈਕਟ ਜਾਂ ਅਜਿਹਾ ਕੋਈ ਵੀ ਹੋਰ ਰਸਮੀ ਜਾਂ ਗੈਰ-ਰਸਮੀ ਢੰਗ ਹੋ ਸਕਦਾ ਹੈ। ਜ਼ਰੂਰਤ ਹੈ ਖੇਤ ਦੀ ਉਪਜ ਵਧਾਉਣ ਅਤੇ ਉਸ ਉਪਜ ਵਿਚ ਨਫੇ ਦਾ ਹੋਰ ਵਾਧਾ ਕਰਕੇ ਵਿਕਰੀ ਕਰਨ ਦੀ ਤਾਂ ਜੋ ਥੋੜ੍ਹੀ ਧਰਤੀ ਵੱਧ ਮੁਨਾਫਾ ਦੇ ਸਕੇ । ਇਹ ਸੰਭਵ ਹੈ । ਚੰਗੀ ਨੀਅਤ ਅਤੇ ਉੱਦਮ ਦੀ ਲੋੜ ਹੈ । ਵੱਡੇ ਕਿਸਾਨਾਂ ਦੀ ਗਿਣਤੀ ਵੀ ਘਟ ਰਹੀ ਹੈ। ਉਸ ਦੀ ਵੀ ਲੋੜ ਹੈ ਕਿ ਉਹ ਪਿੰਡ ਵਿਚ ਪੂੰਜੀ ਦਾ ਨਿਵੇਸ਼ ਕਰਨ ਜਿਸ ਦੇ ਉਹ ਸਮਰੱਥ ਹਨ। ਨਹੀਂ ਤਾਂ ਉਪਰਲੇ ਅਤੇ ਹੇਠਲੇ ਕਿਸਾਨਾਂ ਦੇ ਖੇਤੀ ਤੋਂ ਬਾਹਰ ਹੋਣ ਦੀ ਰਫਤਾਰ ਵਧ ਸਕਦੀ ਹੈ। ਹੁਣ ਤੱਕ ਪਿਛਲੇ 45 ਵਰ੍ਹਿਆਂ ਵਿੱਚ 4.26 ਲੱਖ ਕਿਸਾਨ ਖੇਤੀ ਛੱਡ ਚੁੱਕੇ ਹਨ । ਸਮਾਂ ਰਹਿੰਦਿਆਂ ਇਸ ਨੂੰ ਰੋਕਿਆ ਜਾ ਸਕਦਾ ਹੈ ।



**18 ਨਵੰਬਰ 2004 ਵਿਚ ਡਾ. ਮਨਮੋਹਨ ਸਿੰਘ ਨੇ ਕਿਸਾਨਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਅਤੇ ਖੇਤੀ ਦੇ ਵੱਧ ਰਹੇ ਆਰਥਿਕ ਸੰਕਟ ਨੂੰ ਦੂਰ ਕਰਨ ਲਈ ਉੱਘੇ ਖੇਤੀ ਮਾਹਿਰ ਡਾ. ਐੱਮ. ਐੱਸ. ਸਵਾਮੀਨਾਥਨ ਦੀ ਪ੍ਰਧਾਨਗੀ ਹੇਠ 'ਨੈਸ਼ਨਲ ਕਮਿਸ਼ਨ ਆਨ ਫਾਰਮਰਜ਼' ਦੀ ਨਿਯੁਕਤੀ ਕੀਤੀ ਜਿਸ ਤਹਿਤ ਅਕਤੂਬਰ 2006 ਤੱਕ ਕਮਿਸ਼ਨ ਨੇ 5 ਵੱਖ-ਵੱਖ ਰਿਪੋਰਟਾਂ ਤਿਆਰ ਕਰਕੇ ਜਮ੍ਹਾਂ ਕਰਵਾਈਆਂ, ਜਿਸ 'ਚ ਕਿਸਾਨਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਵੱਖ-ਵੱਖ ਸੁਝਾਅ ਦਿੱਤੇ ਗਏ ਅਤੇ ਇਨ੍ਹਾਂ ਵੱਖ-ਵੱਖ ਸਿਫਾਰਸ਼ਾਂ ਵਿਚ ਐੱਮ. ਐੱਸ. ਪੀ. ਦੀ ਸਿਫਾਰਿਸ਼ ਵੀ ਸ਼ਾਮਿਲ ਸੀ। ਐੱਮ. ਐੱਸ. ਪੀ. ਦਾ ਮਤਲਬ ਸੀ ਕਿਸਾਨ ਦੀ ਉਪਜ ਦੀ ਘੱਟ ਤੋਂ ਘੱਟ ਕੀਮਤ ਨਿਰਧਾਰਿਤ ਕਰਨਾ, ਜਿਸ ਤੋਂ ਘੱਟ ਮੁੱਲ 'ਤੇ ਕੋਈ ਵੀ ਖਰੀਦਦਾਰ ਚਾਹੇ ਉਸ ਸਰਕਾਰ, ਵਪਾਰੀ ਜਾਂ ਆੜ੍ਹਤੀਆ, ਜੋ ਵੀ ਹੋਵੇ, ਨਹੀਂ ਖਰੀਦ ਸਕਦਾ।**

# ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ
# ਕਿਸਾਨਾਂ ਤੇ ਖਪਤਕਾਰਾਂ ਦੋਵਾਂ ਦੇ ਹਿਤ ਵਿੱਚ

**ਡਾ. ਮਨਪ੍ਰੀਤ ਕੌਰ,**
**ਸਹਾਇਕ ਪ੍ਰੋਫੈਸਰ, ਅਰਥ ਸ਼ਾਸਤਰ, ਬਾਬਾ ਫਰੀਦ, ਲਾਅ ਕਾਲਜ, ਫਰੀਦਕੋਟ।**

ਭਾਰਤ ਇਕ ਖੇਤੀ ਪ੍ਰਧਾਨ ਅਰਥਵਿਵਸਥਾ ਹੈ, ਜਿਸ 'ਚ 50 ਫੀਸਦੀ ਤੋਂ ਉੱਪਰ ਦੀ ਆਬਾਦੀ ਸਿੱਧੇ ਅਤੇ ਅਸਿੱਧੇ ਤੌਰ 'ਤੇ ਖੇਤੀ ਅਤੇ ਸਹਾਇਕ ਧੰਦਿਆਂ 'ਤੇ ਨਿਰਭਰ ਕਰਦੀ ਹੈ। ਭਾਰਤ 'ਚ ਤਕਰੀਬਨ 85 ਫੀਸਦੀ ਕਿਸਾਨ ਸੀਮਾਂਤ (1 ਹੈਕਟੇਅਰ ਜਾਂ ਘੱਟ ਜ਼ਮੀਨ) ਅਤੇ ਛੋਟੇ (1-2 ਹੈਕਟੇਅਰ ਜ਼ਮੀਨ) ਕਿਸਾਨ ਹਨ। ਸਿੱਟੇ ਵਜੋਂ ਇਨ੍ਹਾਂ ਸੀਮਾਂਤ ਅਤੇ ਛੋਟੇ ਕਿਸਾਨਾਂ ਦੀ ਬਹੁਤਾਤ ਕਾਰਨ ਕਿਸਾਨਾਂ ਨੂੰ ਵਪਾਰੀਆਂ ਅਤੇ ਦਲਾਲਾਂ ਦੀ ਲੁੱਟ-ਖਸੁੱਟ ਤੋਂ ਬਚਾਉਣ ਲਈ ਅਤੇ ਕਿਸਾਨਾਂ ਨੇ ਹੱਕਾਂ ਦੀ ਰਾਖੀ ਲਈ ਫਸਲ ਉਗਾਉਣ ਤੋਂ ਲੈ ਕੇ ਵੇਚਣ ਤੱਕ ਸਰਕਾਰ ਦੀ ਦਖਲਅੰਦਾਜ਼ੀ ਲਾਜ਼ਮੀ ਬਣ ਜਾਂਦੀ ਹੈ। ਪਰ ਜੇ ਕਿਤੇ ਸਰਕਾਰ ਦੀਆਂ ਨੀਤੀਆਂ ਹੀ ਕਿਸਾਨਾਂ ਦੇ ਹੱਕਾਂ ਦੇ ਉਲਟ ਹੋ ਜਾਣ ਤਾਂ ਫਿਰ ਮਜਬੂਰਨ ਇਹੀ ਕਿਸਾਨ ਵਰਗ ਸਰਕਾਰ ਨੂੰ ਆਪਣੇ ਹੱਕਾਂ ਤੋਂ ਜਾਗਰੂਕ ਕਰਵਾਉਣ ਲਈ ਸ਼ਾਂਤਮਈ ਅੰਦੋਲਨ ਦੀ ਸਭ ਤੋਂ ਵੱਡੀ ਮਿਸਾਲ ਭਾਰਤ 'ਚ ਪਾਸ ਹੋਏ 3 ਖੇਤੀ ਅਤੇ ਕਿਸਾਨ ਵਿਰੋਧੀ ਬਿੱਲਾਂ ਦੇ ਵਿਰੋਧ ਵਿਚ 26 ਨਵੰਬਰ, 2020 ਨੂੰ ਆਰੰਭ ਹੋਣ ਵਾਲੇ ਕਿਸਾਨ ਅੰਦੋਲਨ ਦੀ ਹੈ, ਜੋ ਤਕਰੀਬਨ ਦੋ ਵਰ੍ਹੇ ਤੱਕ ਚੱਲਿਆ ਅਤੇ ਅੰਤ 2022 ਵਿਚ ਸਮੁੱਚਾ ਕਿਸਾਨੀ ਵਰਗ ਇਨ੍ਹਾਂ ਬਿੱਲਾਂ ਨੂੰ ਰੱਦ ਕਰਵਾਉਣ ਵਿਚ ਸਫਲ ਹੋਇਆ। ਇਨ੍ਹਾਂ ਖੇਤੀ ਬਿੱਲਾਂ ਨੂੰ ਰੱਦ ਕਰਨ ਸਮੇਂ ਸਰਕਾਰ ਵਲੋਂ ਕਿਸਾਨਾਂ ਦੀਆਂ ਬਾਕੀ ਮੰਗਾਂ 'ਤੇ ਵੀ ਵਿਚਾਰ ਕਰਨ ਦਾ ਵਾਅਦਾ ਕੀਤਾ ਗਿਆ ਸੀ, ਜਿਨ੍ਹਾਂ ਵਿਚ 23 ਵੱਖ-ਵੱਖ ਫਸਲਾਂ 'ਤੇ ਸੀ2+50 ਪ੍ਰਤੀਸ਼ਤ ਫਾਰਮੂਲੇ ਮੁਤਾਬਿਕ ਦੇਣਾ ਵੀ ਸ਼ਾਮਿਲ ਸੀ ਪਰ ਅਜਿਹਾ ਨਾ ਹੋਣ ਕਾਰਨ ਇਕ ਵਾਰ ਫਿਰ ਕਿਸਾਨ ਤਕਰੀਬਨ ਪਿਛਲੇ ਦੋ-ਢਾਈ ਮਹੀਨਿਆਂ ਤੋਂ ਸ਼ੰਭੂ ਤੋਂ ਖਨੌਰੀ ਦੇ ਬਾਰਡਰਾਂ 'ਤੇ ਧਰਨੇ ਲਾ ਕੇ ਬੈਠੇ ਹਨ, ਜਿਸ ਨੂੰ ਕਿਸਾਨ ਅੰਦੋਲਨ 2:0 ਦਾ ਨਾਂਅ ਦਿੱਤਾ ਜਾ ਰਿਹਾ ਹੈ।

ਜੇਕਰ ਐੱਮ. ਐੱਸ. ਪੀ. ਦੀ ਕਾਨੂੰਨੀ ਗਾਰੰਟੀ ਦੇ ਇਤਿਹਾਸ 'ਤੇ ਝਾਤ ਮਾਰੀਏ ਤਾਂ 18 ਨਵੰਬਰ 2004 ਵਿਚ ਡਾ. ਮਨਮੋਹਨ ਸਿੰਘ ਨੇ ਕਿਸਾਨਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਅਤੇ ਖੇਤੀ ਦੇ ਵੱਧ ਰਹੇ ਆਰਥਿਕ ਸੰਕਟ ਨੂੰ ਦੂਰ ਕਰਨ ਲਈ ਉੱਘੇ ਖੇਤੀ ਮਾਹਿਰ ਡਾ. ਐੱਮ. ਐੱਸ. ਸਵਾਮੀਨਾਥਨ ਦੀ ਪ੍ਰਧਾਨਗੀ ਹੇਠ 'ਨੈਸ਼ਨਲ ਕਮਿਸ਼ਨ ਆਨ ਫਾਰਮਰਜ਼' ਦੀ ਨਿਯੁਕਤੀ ਕੀਤੀ ਜਿਸ ਤਹਿਤ ਅਕਤੂਬਰ 2006 ਤੱਕ ਕਮਿਸ਼ਨ ਨੇ 5 ਵੱਖ-ਵੱਖ ਰਿਪੋਰਟਾਂ ਤਿਆਰ ਕਰਕੇ ਜਮ੍ਹਾਂ ਕਰਵਾਈਆਂ, ਜਿਸ 'ਚ ਕਿਸਾਨਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਵੱਖ-ਵੱਖ ਸੁਝਾਅ ਦਿੱਤੇ ਗਏ ਅਤੇ ਇਨ੍ਹਾਂ ਵੱਖ-ਵੱਖ ਸਿਫਾਰਸ਼ਾਂ ਵਿਚ ਐੱਮ.ਐੱਸ.ਪੀ. ਦੀ ਸਿਫਾਰਿਸ਼ ਵੀ ਸ਼ਾਮਿਲ ਸੀ। ਐੱਮ. ਐੱਸ. ਪੀ. ਦਾ ਮਤਲਬ ਸੀ ਕਿਸਾਨ ਦੀ ਉਪਜ ਦੀ ਘੱਟ ਤੋਂ ਘੱਟ ਕੀਮਤ ਨਿਰਧਾਰਿਤ ਕਰਨਾ, ਜਿਸ ਤੋਂ ਘੱਟ ਮੁੱਲ 'ਤੇ ਕੋਈ ਵੀ ਖਰੀਦਦਾਰ ਚਾਹੇ ਉਸ ਸਰਕਾਰ, ਵਪਾਰੀ ਜਾਂ ਆੜ੍ਹਤੀਆ, ਜੋ ਵੀ ਹੋਵੇ, ਨਹੀਂ ਖਰੀਦ ਸਕਦਾ। ਐੱਮ. ਐੱਸ. ਪੀ. ਦੀ ਕੀਮਤ ਨਿਰਧਾਰਿਤ ਕਰਨ ਸਮੇਂ ਇਹ ਸਿਫਾਰਿਸ਼ ਕੀਤੀ ਗਈ ਕਿ ਕਿਸਾਨ ਦੀ ਉਪਜ ਦੀ ਕੁੱਲ ਲਾਗਤ 'ਤੇ 50 ਫੀਸਦੀ ਮੁਨਾਫਾ ਸ਼ਾਮਿਲ ਕੀਤਾ ਜਾਵੇ। ਫਸਲਾਂ ਦੀ ਲਾਗਤ ਦਾ ਅੰਦਾਜ਼ਾ ਖੇਤੀ ਲਾਗਤਾਂ ਅਤੇ ਕੀਮਤ ਕਮਿਸ਼ਨ (ਸੀ. ਏ. ਸੀ. ਪੀ.) ਦੁਆਰਾ ਲਗਾਇਆ ਜਾਂਦਾ ਹੈ। ਜਿਸ ਤੇ ਤਹਿਤ ਉਪਜ ਦੀ ਕੁੱਲ ਲਾਗਤ ਨੂੰ ਤਿੰਨ ਹਿੱਸਿਆਂ 'ਚ ਵੰਡਿਆ ਗਿਆ :-

1. **A2 ਲਾਗਤ** : ਇਸ 'ਚ ਫਸਲਾਂ ਦੇ ਉੱਪਰ ਕੀਤੇ ਜਾਣ ਵਾਲੇ ਸਿਰਫ ਨਕਦੀ ਖਰਚੇ ਸ਼ਾਮਿਲ ਹੁੰਦੇ ਹਨ, ਜਿਸ 'ਚ ਮੁੱਖ ਤੌਰ 'ਤੇ ਬੀਜ, ਖਾਦ, ਮਜ਼ਦੂਰੀ, ਮਸ਼ੀਨਰੀ, ਠੇਕੇ 'ਤੇ ਲਈ ਜ਼ਮੀਨ ਦਾ ਖਰਚਾ ਹੁੰਦਾ ਹੈ।

2. **A2 + FL (ਫੈਮਿਲੀ ਲੇਬਰ) ਲਾਗਤ** : ਇਸ ਵਿਚ ਨਕਦੀ ਖਰਚਿਆਂ ਤੋਂ ਇਲਾਵਾ ਪਰਿਵਾਰਕ ਮੈਂਬਰਾਂ ਦੀ ਮਜ਼ਦੂਰੀ ਦੇ ਖਰਚੇ ਦਾ ਅੰਦਾਜ਼ਾ ਲਗਾਇਆ ਜਾਂਦਾ ਹੈ।

3. **C2 ਲਾਗਤ (ਕੰਪਰੀਹੈਨਸਿਵ ਲਾਗਤ)** : ਇਸ 'ਚ ਨਕਦੀ ਲਾਗਤ + ਪਰਿਵਾਰਕ ਮਿਹਨਤਾਨਾ ਅਤੇ ਹੋਰ ਗੈਰ ਨਕਦੀ ਲਾਗਤ + ਜ਼ਮੀਨ ਦਾ ਠੇਕਾ+ਖੇਤੀ ਤੇ ਲਗਾਈ ਪੂੰਜੀ + ਪੂੰਜੀ 'ਤੇ ਵਿਆਜ ਸ਼ਾਮਿਲ ਹੈ।

ਡਾ. ਸਵਾਮੀਨਾਥਨ ਨੇ ਇਨ੍ਹਾਂ 3 ਲਾਗਤਾਂ ਵਿਚੋਂ C2 ਲਾਗਤ 'ਤੇ ਡੇਢ ਗੁਣਾ ਭੁਗਤਾਨ ਕਰਨ ਦੀ ਸਿਫਾਰਿਸ਼ ਕੀਤੀ ਹੈ ਪਰ ਅਸਲ ਵਿਚ ਸਰਕਾਰ ਐਮ.ਐਸ.ਪੀ. ਨਿਰਧਾਰਿਤ ਕਰਨ ਸਮੇਂ A2 + FL ਨੂੰ ਹੀ ਆਧਾਰ ਬਣਾਉਂਦੀ ਹੈ। ਸਿੱਟੇ ਵਜੋਂ ਐਮ. ਐਸ. ਪੀ. ਦਾ ਨਿਰਧਾਰਨ ਸਵਾਮੀਨਾਥਨ ਦੇ C2 + 50% ਮੁਨਾਫਾ ਫਾਰਮੂਲਾ ਤੋਂ ਘੱਟ ਕੀਤਾ ਜਾਂਦਾ ਹੈ। ਸੀ. ਏ. ਸੀ. ਪੀ. ਦੀ ਰਿਪੋਰਟ ਅਨੁਸਾਰ ਸਾਲ 2023-24 'ਚ ਕਣਕ ਦੀ ਫਸਲ ਦੀ ਪ੍ਰਤੀ ਕੁਇੰਟਲ A2 ਲਾਗਤ 903 ਰੁਪਏ, A2 + FL ਲਾਗਤ 1128 ਰੁਪਏ ਪ੍ਰਤੀ ਕੁਇੰਟਲ ਅਤੇ C2 ਲਾਗਤ 1652 ਰੁਪਏ ਪ੍ਰਤੀ ਕੁਇੰਟਲ ਲਗਾਈ ਗਈ। ਇਸ ਤਰ੍ਹਾਂ ਸਵਾਮੀਨਾਥਨ ਫਾਰਮੂਲੇ ਦੇ ਹਿਸਾਬ ਨਾਲ ਕਣਕ ਦੀ ਪ੍ਰਤੀ ਕੁਇੰਟਲ ਕੀਮਤ 1652+826(50% ਮੁਨਾਫਾ) = 2478 ਰੁਪਏ ਪ੍ਰਤੀ ਕੁਇੰਟਲ ਬਣਦੀ ਹੈ। ਹੁਣ ਜੇਕਰ ਕਣਕ ਦੀ ਐਮ. ਐਸ. ਪੀ. ਦੀ ਗੱਲ ਕਰੀਏ ਤਾਂ ਉਹ 2125 ਰੁਪਏ ਹੀ ਤੈਅ ਕੀਤੀ ਗਈ ਸੀ। ਜਿਸ ਹਿਸਾਬ ਨਾਲ ਕਿਸਾਨਾਂ ਨੂੰ ਪ੍ਰਤੀ ਕੁਇੰਟਲ 2478-2125=353 ਰੁਪਏ ਪ੍ਰਤੀ ਕੁਇੰਟਲ ਦਾ ਘਾਟਾ ਪੈਂਦਾ ਹੈ। ਇਹ ਘਾਟਾ ਕਈ ਸੂਬਿਆਂ ਵਿਚ C2 ਲਾਗਤ 1652 ਰੁਪਏ ਪ੍ਰਤੀ ਕੁਇੰਟਲ ਤੋਂ ਵੀ ਵੱਧ ਹੋਣ ਕਾਰਨ ਹੋਰ ਵੀ ਵਧ ਜਾਂਦਾ ਹੈ। ਇਸ ਘਾਟੇ ਦੀ ਭਰਪਾਈ ਹੀ ਕਿਸਾਨ ਅੰਦੋਲਨ 2.0 ਦਾ ਮੁੱਖ ਕਾਰਨ ਹੈ। ਇਸ ਤੋਂ ਇਲਾਵਾ ਅਸਲ ਵਿਚ ਐਮ. ਐਸ. ਪੀ. 23 ਫਸਲਾਂ 'ਤੇ ਨਿਰਧਾਰਿਤ ਕੀਤੀ ਜਾਂਦੀ ਹੈ। ਕਣਕ ਅਤੇ ਝੋਨੇ ਤੋਂ ਇਲਾਵਾ ਬਾਕੀ ਸਭ ਫਸਲਾਂ ਦੀ ਖਰੀਦ ਐਮ.ਐਸ.ਪੀ. ਤੋਂ 25-30 ਫੀਸਦੀ ਘੱਟ ਕੀਮਤ 'ਤੇ ਕੀਤੀ ਜਾਂਦੀ ਹੈ। ਐਮ. ਐਸ. ਪੀ. ਦਾ ਲਾਭ ਸਿਰਫ 6 ਫੀਸਦੀ ਕਿਸਾਨਾਂ ਨੂੰ ਹੀ ਮਿਲਦਾ ਹੈ। ਅਸਲ 'ਚ ਜਿੰਨਾ ਸਮਾਂ ਮੁਲਕ 'ਚ ਅਨਾਜ ਦੀ ਘਾਟ ਰਹੀ, ਉਨ੍ਹਾਂ ਚਿਰ ਸਰਕਾਰ ਕਿਸਾਨਾਂ ਨੂੰ ਫਸਲਾਂ ਦਾ ਵਾਜਬ ਰੇਟ ਦਿੰਦੀ ਰਹੀ ਪਰ ਜਿਵੇਂ-ਜਿਵੇਂ ਅਨਾਜ ਦੀ ਪੈਦਾਵਾਰ ਵਧਦੀ ਗਈ, ਉਵੇਂ-ਉਵੇਂ ਹੀ ਐਮ. ਐਸ. ਪੀ. ਵਿਚ ਹੋਣ ਵਾਲਾ ਵਾਧਾ ਮਹਿੰਗਾਈ ਦੀ ਦਰ 'ਚ ਹੋਣ ਵਾਲੇ ਵਾਧੇ ਤੋਂ ਘਟਦਾ ਗਿਆ ਅਤੇ ਕਿਸਾਨਾਂ ਨੂੰ ਆਰਥਿਕ ਸੰਕਟ ਦਾ ਸਾਹਮਣਾ ਕਰਨਾ ਪਿਆ, ਜੋ ਕਿ ਅਜੋਕੇ ਯੁੱਗ 'ਚ ਸਿਖਰਾਂ 'ਤੇ ਹੈ। ਹੁਣ ਕੁਝ ਲੋਕਾਂ ਦਾ ਇਹ ਵੀ ਵਹਿਮ ਹੈ ਕਿ ਪੰਜਾਬ ਵਿਚ ਤਾਂ ਸਰਕਾਰ ਵਲੋਂ ਪਹਿਲਾਂ ਹੀ ਕਿਸਾਨਾਂ ਨੂੰ ਮੁਫਤ ਬਿਜਲੀ ਦਿੱਤੀ ਜਾਂਦੀ ਹੈ ਅਤੇ ਬੀਜਾਂ ਅਤੇ ਖਾਦਾਂ 'ਤੇ ਸਬਸਿਡੀ ਦਿੱਤੀ ਜਾਂਦੀ ਹੈ ਤਾਂ ਫਿਰ ਐੱਮ. ਐੱਸ ਪੀ. 'ਤੇ ਕਾਨੂੰਨੀ ਗਾਰੰਟੀ ਕਿਉਂ ਦਿੱਤੀ ਜਾਵੇ ? ਇਸ ਲਈ ਇੱਥੇ ਇਹ ਸਪੱਸ਼ਟ ਕਰਨਾ ਜ਼ਰੂਰੀ ਬਣਦਾ ਹੈ ਕਿ ਜੇਕਰ ਸਰਕਾਰ ਕਿਸਾਨਾਂ ਨੂੰ ਮੁਫਤ ਬਿਜਲੀ ਅਤੇ ਬੀਜਾਂ ਅਤੇ ਖਾਦਾਂ 'ਤੇ ਸਬਸਿਡੀ ਦੇ ਰਹੀ ਹੈ ਤਾਂ ਖੇਤੀ ਲਾਗਤਾਂ ਅਤੇ ਕੀਮਤ ਕਮਿਸ਼ਨ (ਸੀ. ਏ. ਸੀ. ਪੀ.) ਮੁਫਤ ਬਿਜਲੀ ਦੀ ਲਾਗਤ ਜ਼ੀਰੋ ਅਤੇ ਬੀਜਾਂ ਅਤੇ ਖਾਦਾਂ ਦੀ ਲਾਗਤ ਸਬਸਿਡੀ ਦੀ ਰਕਮ ਘਟਾ ਕੇ ਹੀ ਅਨੁਮਾਨ ਲਗਾਉਂਦਾ ਹੈ। ਇਸ ਤੋਂ ਇਲਾਵਾ ਬੀਜਾਂ ਅਤੇ ਖਾਦਾਂ 'ਤੇ ਦਿੱਤੀ ਜਾਣ ਵਾਲੀ ਸਬਸਿਡੀ ਦੀ ਰਕਮ ਬੀਜਾਂ ਅਤੇ ਖਾਦਾਂ ਵਾਲੀਆਂ ਕੰਪਨੀਆਂ ਨੂੰ ਹੀ ਅਦਾ ਕੀਤੀ ਜਾਂਦੀ ਹੈ।

ਹੁਣ ਸਵਾਲ ਇਹ ਉੱਠਦਾ ਹੈ ਕਿ ਸਰਕਾਰਾਂ ਐੱਮ. ਐੱਸ. ਪੀ. 'ਤੇ ਕਾਨੂੰਨੀ ਗਾਰੰਟੀ ਦੇਣ ਤੋਂ ਕਿਉਂ ਭੱਜ ਰਹੀਆਂ ਹਨ ? ਕਈ ਮਾਹਿਰਾਂ ਅਤੇ ਸਲਾਹਕਾਰਾਂ ਦੇ ਅਨੁਸਾਰ ਐੱਮ. ਐੱਸ. ਪੀ. 'ਤੇ ਕਾਨੂੰਨੀ ਗਾਰੰਟੀ ਦੇਣ ਨਾਲ ਸਰਕਾਰ ਦੇ ਬਜਟ 'ਤੇ ਅਨੁਮਾਨਿਤ 10 ਲੱਖ ਕਰੋੜ ਦੇ ਖਰਚੇ ਦਾ ਆਰਥਿਕ ਬੋਝ ਪਵੇਗਾ। ਪਰ ਅਸਲੀ ਵਿਚ ਅਜਿਹਾ ਨਹੀਂ ਹੈ। ਐੱਮ. ਐੱਸ. ਪੀ. 'ਤੇ ਕਾਨੂੰਨੀ ਗਾਰੰਟੀ ਦੇਣ ਦਾ ਮਤਲਬ ਇਹ ਨਹੀਂ ਕਿ ਉਹ ਉਪਜ ਸਰਕਾਰ ਹੀ ਖਰੀਦੇਗੀ। ਇਸ ਦਾ ਮਤਲਬ ਹੈ ਕਿ ਚਾਹੇ ਉਹ ਆੜ੍ਹਤੀਏ, ਵੱਡੇ ਵਪਾਰੀ ਆਦਿ ਹੋਣ, ਐੱਮ.ਐੱਸ ਪੀ. ਤੋਂ ਘੱਟ ਮੁੱਲ 'ਤੇ ਖਰੀਦ ਨਹੀਂ ਕਰ ਸਕਦੇ। ਸਰਕਾਰ ਤਾਂ ਪਹਿਲਾਂ ਵੀ ਦੇਸ਼ ਦੀ ਉਪਜ ਦਾ 14-15 ਫੀਸਦੀ ਹਿੱਸਾ ਹੀ ਖਰੀਦਦੀ ਹੈ। ਅਸਲ 'ਚ ਇਹ ਖਰਚ 2-3 ਲੱਖ ਕਰੋੜ ਰੁਪਏ ਬਣਦਾ ਹੈ। ਜੇਕਰ ਸਰਕਾਰ ਇਕ ਪਾਸੇ ਮੁੱਠੀ ਭਰ ਪੂੰਜੀਪਤੀਆਂ ਦਾ ਸਾਢੇ ਚੌਦਾਂ ਲੱਖ ਕਰੋੜ ਦਾ ਕਰਜ਼ਾ ਮੁਆਫ ਕਰ ਸਕਦੀ ਹੈ ਤਾਂ ਦੇਸ਼ ਦੀ ਅੱਧੀ ਤੋਂ ਉੱਪਰ ਦੀ ਆਬਾਦੀ ਲਈ 2-3 ਲੱਖ ਕਰੋੜ ਦਾ ਬਜਟ ਪਾਸ ਕਰਨਾ ਕੋਈ ਵੱਡੀ ਗੱਲ ਨਹੀਂ ਹੈ।

ਐੱਮ.ਐੱਸ ਪੀ. 'ਤੇ ਕਾਨੂੰਨੀ ਗਾਰੰਟੀ ਲਿਆਉਣਾ ਨਾ ਸਿਰਫ ਕਿਸਾਨ ਲਈ ਬਲਕਿ ਖਪਤਕਾਰ ਲਈ ਵੀ ਲਾਹੇਵੰਦ ਹੋਵੇਗਾ। ਕਿਉਂਕਿ ਜਿਹੜੀ ਫਸਲ ਕਿਸਾਨਾਂ ਤੋਂ ਕੌਡੀਆਂ ਦੇ ਭਾਅ ਖਰੀਦੀ ਜਾਂਦੀ ਹੈ, ਉਸ ਨੂੰ ਸਟੋਰ ਕਰਨ ਤੋਂ ਬਾਅਦ ਵੱਡੇ ਵਪਾਰੀਆਂ ਦੁਆਰਾ ਬਹੁਤ ਜ਼ਿਆਦਾ ਰੇਟਾਂ 'ਤੇ ਵੇਚਿਆ ਜਾਂਦਾ ਹੈ। ਇਸ ਤਰ੍ਹਾਂ ਇਕ ਪਾਸੇ ਕਿਸਾਨਾਂ ਦੇ ਹੱਕ 'ਚ ਐੱਮ.ਐੱਸ ਪੀ. 'ਤੇ ਦੂਜੇ ਪਾਸੇ ਖਪਤਕਾਰਾਂ ਦੇ ਹੱਕ ਲਈ ਐੱਮ. ਆਰ ਪੀ ਕਾਨੂੰਨ ਇਕੱਠੇ ਲਿਆਉਣ ਨਾਲ ਖਪਤਕਾਰਾਂ ਅਤੇ ਕਿਸਾਨਾਂ ਨੂੰ ਦਲਾਲਾਂ ਅਤੇ ਵਪਾਰੀਆਂ ਦੁਆਰਾ ਕੀਤੀ ਜਾਣ ਵਾਲੀ ਲੁੱਟ ਤੋਂ ਬਚਾਇਆ ਜਾ ਸਕਦਾ ਹੈ। ਐੱਮ.ਐੱਸ ਪੀ. 'ਤੇ ਕਾਨੂੰਨੀ ਗਾਰੰਟੀ ਲਿਆਉਣਾ ਸਮੁੱਚੀ ਆਰਥਿਕਤਾ ਲਈ ਵੀ ਲਾਹੇਵੰਦ ਹੋਵੇਗਾ। ਇਸ ਨਾਲ ਦੇਸ਼ ਦੇ 85 ਫੀਸਦੀ ਛੋਟੇ ਤੇ ਸੀਮਾਂਤ ਕਿਸਾਨਾਂ ਦੀ ਖਰੀਦ ਸ਼ਕਤੀ ਵਧੇਗੀ ਅਤੇ ਦੇਸ਼ ਦਾ ਆਰਥਿਕ ਵਾਧਾ ਅਤੇ ਵਿਕਾਸ ਹੋਵੇਗਾ। ਇਸ ਤੋਂ ਇਲਾਵਾ ਦੇਸ਼ 'ਚ 23 ਵੱਖ-ਵੱਖ ਫਸਲਾਂ ਤੇ ਕਾਨੂੰਨੀ ਗਾਰੰਟੀ ਮਿਲਣ ਨਾਲ ਵੱਖ-ਵੱਖ ਫਸਲਾਂ ਹੇਠ ਰਕਬਾ ਵਧੇਗਾ ਅਤੇ ਫਸਲੀ ਵਿਭਿੰਨਤਾ ਦੇ ਟੀਚੇ ਨੂੰ ਵੀ ਪੂਰਾ ਕੀਤਾ ਜਾ ਸਕਦਾ ਹੈ। ਇਸ ਨਾਲ ਕਣਕ ਅਤੇ ਝੋਨੇ ਹੇਠ ਰਕਬਾ ਘਟੇਗਾ ਅਤੇ ਪੰਜਾਬ ਅਤੇ ਹਰਿਅਣਾ ਵਰਗੇ ਸੂਬਿਆਂ ਵਿਚ ਕਣਕ-ਝੋਨੇ ਦੇ ਫਸਲੀ ਚੱਕਰ ਨਾਲ ਸੰਬੰਧਿਤ ਧਰਤੀ ਹੇਠਲੇ ਪਾਣੀ ਦਾ ਡਿੱਗਦਾ ਪੱਧਰ ਤੇ ਪਰਾਲੀ ਸਾੜਨ ਦੀਆਂ ਸਮੱਸਿਆਵਾਂ 'ਤੇ ਵੀ ਕਾਬੂ ਪਾਇਆ ਜਾ ਸਕਦਾ ਹੈ।

ਭਾਰਤ 'ਚ ਦਾਲਾਂ ਉੱਪਰ ਨਿਰਧਾਰਿਤ ਐੱਮ. ਐੱਸ ਪੀ. 'ਤੇ ਖਰੀਦ ਨਾ ਹੋਣ ਕਾਰਨ ਦਾਲਾਂ ਹੇਠ ਰਕਬਾ ਅਤੇ ਉਪਜ ਬਹੁਤ ਘੱਟ ਹੈ ਜਿਸ ਦੇ ਸਿੱਟੇ ਵਜੋਂ ਭਾਰਤ ਵੱਡੀ ਮਾਤਰਾ 'ਚ ਦਾਲਾਂ ਦੀ ਦਰਾਮਦ 'ਤੇ ਨਿਰਭਰ ਹੈ। ਸਾਲ 2022-23 'ਚ ਭਾਰਤ ਨੇ ਤਕਰੀਬਨ 15986 ਕਰੋੜ ਰੁਪਏ ਦੀ ਦਾਲਾਂ ਦੀ ਦਰਾਮਦ ਕੀਤੀ। ਜੇਕਰ ਦੇਸ਼ 'ਚ ਹੀ ਐੱਮ. ਐੱਸ ਪੀ. 'ਤੇ ਕਾਨੂੰਨੀ ਗਾਰੰਟੀ ਲਿਆ ਕੇ ਦੇਸ਼ ਹੀ ਦਾਲਾਂ ਦੇ ਦਰਾਮਦ ਦੇ ਬੋਝ ਨੂੰ ਘਟਾ ਕੇ ਵਪਾਰਕ ਘਾਟੇ ਨੂੰ ਘੱਟ ਕੀਤਾ ਜਾ ਸਕਦਾ ਹੈ। ਭਾਰਤ ਵਰਗੇ ਦੇਸ਼ ਨੇ ਦੁਨੀਆ ਭਰ 'ਚ ਮੂਲ ਅਨਾਜ ਦੀ ਪੋਸ਼ਕ ਮਹੱਤਤਾ 'ਤੇ ਚਾਨਣਾ ਪਾਉਂਦੇ ਹੋਏ 2023 ਨੂੰ ਮੂਲ ਅਨਾਜ ਦਾ ਅੰਤਰਰਾਸ਼ਟਰੀ ਸਾਲ ਘੋਸ਼ਿਤ ਕਰਵਾਇਆ ਸੀ ਅਤੇ ਦੁਨੀਆ ਭਰ ਵਿਚ ਅਹਿਮ ਭੂਮਿਕਾ ਨਿਭਾਈ ਹੈ। ਇਸ ਲਈ ਮੂਲ ਅਨਾਜ ਅਰਥਾਤ ਮਿੱਲਟਸ ਹੇਠ ਰਕਬਾ ਵਧਾਉਣ ਤੋਂ ਪਹਿਲਾ ਇਸ ਦੇ ਮੰਡੀਕਰਨ ਵਿਚ ਸੁਧਾਰ ਲਿਆਂਦਾ ਜਾਵੇ ਅਤੇ ਜਵਾਰ, ਬਾਜਰਾ ਰਾਗੀ ਆਦਿ ਵਰਗੀਆਂ ਫਸਲਾਂ ਉੱਪਰ ਐੱਮ.ਐੱਸ ਪੀ. 'ਤੇ ਕਾਨੂੰਨੀ ਗਾਰੰਟੀ ਬਣਾਈ ਜਾਵੇ।

ਅੰਤ 'ਚ ਐੱਮ. ਐੱਸ ਪੀ. 'ਤੇ ਕਾਨੂੰਨੀ ਗਾਰੰਟੀ ਸਰਕਾਰ ਦੇ ਬਜਟ 'ਤੇ ਆਰਥਿਕ ਬੋਝ ਨਾ ਹੋ ਕੇ ਸਗੋਂ ਕਿਸਾਨ, ਖਪਤਕਾਰ ਅਤੇ ਸਮੁੱਚੀ ਆਰਥਿਕਤਾ ਲਈ ਲਾਹੇਵੰਦ ਸਿੱਧ ਹੋਵੇਗੀ ਅਤੇ ਦੇਸ਼ ਵਿਚਲਾ ਖੇਤੀ ਦਾ ਆਰਥਿਕ ਸੰਕਟ ਵੀ ਹੱਲ ਕੀਤਾ ਜਾ ਸਕਦਾ ਹੈ। ਹਾਲ ਹੀ ਵਿਚ ਸਰਕਾਰ ਵਲੋਂ ਉੱਘੇ ਖੇਤੀ ਵਿਗਿਆਨੀ ਡਾ. ਐੱਮ.ਐੱਸ. ਸਵਾਮੀਨਾਥਨ ਨੂੰ ਭਾਰਤ ਰਤਨ ਦੇ ਐਵਾਰਡ ਨਾਲ ਸਨਮਾਨਿਤ ਕਰਨਾ ਇਕ ਬਹੁਤ ਹੀ ਸ਼ਲਾਘਾਯੋਗ ਕਦਮ ਹੈ ਪਰ ਅਸਲ 'ਚ ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰਨਾ ਹੀ ਉਨ੍ਹਾਂ ਨੂੰ ਦਿੱਤੀ ਜਾਣ ਵਾਲੀ ਅਸਲ ਸ਼ਰਧਾਂਜਲੀ ਹੋਵੇਗੀ।



**ਪਿਛਲੇ ਕੁੱਝ ਸਮੇਂ ਤੋਂ ਪਸ਼ੂ ਪਾਲਣ ਵੱਲ ਰੁਚੀ ਕਾਫੀ ਵੱਧ ਰਹੀ ਹੈ ਜਿਸ ਦਾ ਅਨੁਮਾਨ ਅਸੀਂ ਇਸ ਗੱਲ ਤੋਂ ਲਗਾ ਸਕਦੇ ਹਾਂ ਕਿ ਕੰਢੀ ਖੇਤਰ ਵਿੱਚ ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ ਵੱਲੋਂ ਖੋਲੇ ਗਏ, ਕੰਢੀ ਖੇਤਰੀ ਖੋਜ ਅਤੇ ਸਿਖਲਾਈ ਕੇਂਦਰ ਵਿੱਚ ਲਗਾਤਾਰ ਆਂਦੇ ਪਸ਼ੂ ਪਾਲਕ ਵੀਰ, ਆਪਣੇ ਪਸ਼ੂਆਂ ਬਾਰੇ ਜਾਣਕਾਰੀ ਅਤੇ ਉਨ੍ਹਾਂ ਦੇ ਰੱਖ ਰਖਾਵੇ ਅਤੇ ਧਾਤਾਂ ਦਾ ਚੂਰਾ ਅਤੇ ਪਸ਼ੂ ਚਾਟ ਦੀ ਜਾਣਕਾਰੀ ਅਤੇ ਵਰਤੋਂ ਕਰਨਾ ਸ਼ੁਰੂ ਕਰ ਦਿੱਤਾ ਹੈ ਜਿਸ ਕਰਕੇ ਉਨ੍ਹਾਂ ਨੂੰ ਆਪਣੇ ਪਸ਼ੂ ਦੀ ਸਿਹਤ ਅਤੇ ਪਸ਼ੂ ਤੰਦਰੁਸਤ ਰਹਿੰਦਾ ਹੈ ਅਤੇ ਤਕਨੀਕੀ ਢੰਗ ਨਾਲ ਪਸ਼ੂ ਪਾਲਣ ਕਰਕੇ ਮੁਨਾਫਾ ਕਮਾ ਰਹੇ ਹਨ ਅਤੇ ਹੋਣ ਵਾਲੇ ਨੁਕਸਾਨ ਤੋਂ ਵੀ ਬਚ ਰਹੇ ਹਨ ।**

# ਪਸ਼ੂਆਂ ਵਿੱਚ ਥਣਾਂ ਦੀ ਬਿਮਾਰੀ ਅਤੇ ਉਸਦਾ ਬਚਾਅ

ਗਗਨਦੀਪ ਸਿੰਘ ਅਤੇ
ਰਾਕੇਸ਼ ਕੁਮਾਰ ਸ਼ਰਮਾ,
ਖੇਤਰੀ ਖੋਜ ਅਤੇ ਸਿਖਲਾਈ ਕੇਂਦਰ
ਤਲਵਾੜਾ

ਕੰਢੀ ਇਲਾਕੇ ਵਿੱਚ ਜੋ ਕਿਸਾਨ, ਪਸ਼ੂ ਪਾਲਣ ਦਾ ਕੰਮ ਕਰ ਰਹੇ ਹਨ ਉਨ੍ਹਾਂ ਵਿੱਚ ਪਿਛਲੇ ਕੁੱਝ ਸਮੇਂ ਤੋਂ ਪਸ਼ੂ ਪਾਲਣ ਵੱਲ ਰੁਚੀ ਕਾਫੀ ਵੱਧ ਰਹੀ ਹੈ ਜਿਸ ਦਾ ਅਨੁਮਾਨ ਅਸੀਂ ਇਸ ਗੱਲ ਤੋਂ ਲਗਾ ਸਕਦੇ ਹਾਂ ਕਿ ਕੰਢੀ ਖੇਤਰ ਵਿੱਚ ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ ਵੱਲੋਂ ਖੋਲੇ ਗਏ, ਕੰਢੀ ਖੇਤਰੀ ਖੋਜ ਅਤੇ ਸਿਖਲਾਈ ਕੇਂਦਰ ਵਿੱਚ ਲਗਾਤਾਰ ਆਂਦੇ ਪਸ਼ੂ ਪਾਲਕ ਵੀਰ, ਆਪਣੇ ਪਸ਼ੂਆਂ ਬਾਰੇ ਜਾਣਕਾਰੀ ਅਤੇ ਉਨ੍ਹਾਂ ਦੇ ਰੱਖ ਰਖਾਵੇ ਅਤੇ ਧਾਤਾਂ ਦਾ ਚੂਰਾ ਅਤੇ ਪਸ਼ੂ ਚਾਟ ਦੀ ਜਾਣਕਾਰੀ ਅਤੇ ਵਰਤੋਂ ਕਰਨਾ ਸ਼ੁਰੂ ਕਰ ਦਿੱਤਾ ਹੈ ਜਿਸ ਕਰਕੇ ਉਨ੍ਹਾਂ ਨੂੰ ਆਪਣੇ ਪਸ਼ੂ ਦੀ ਸਿਹਤ ਅਤੇ ਪਸ਼ੂ ਤੰਦਰੁਸਤ ਰਹਿੰਦਾ ਹੈ ਅਤੇ ਤਕਨੀਕੀ ਢੰਗ ਨਾਲ ਪਸ਼ੂ ਪਾਲਣ ਕਰਕੇ ਮੁਨਾਫਾ ਕਮਾ ਰਹੇ ਹਨ ਅਤੇ ਹੋਣ ਵਾਲੇ ਨੁਕਸਾਨ ਤੋਂ ਵੀ ਬਚ ਰਹੇ ਹਨ । ਪਰ ਪਿਛਲੇ ਕੁਝ ਸਮੇਂ ਤੋਂ ਆਉਣ ਵਾਲੇ ਪਸ਼ੂ ਪਾਲਕ ਵੀਰਾਂ ਦੇ ਪਸ਼ੂਆਂ ਵਿੱਚ ਥਣਾਂ ਅਤੇ ਲੇਵੇ ਦੀ ਤਕਲੀਫ ਕਾਫੀ ਦੇਖਣ ਨੂੰ ਮਿਲ ਰਹੀ ਹੈ ਕਿਉਂਕਿ ਪਸ਼ੂ ਪਾਲਣ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਇੱਕ ਪਸ਼ੂ ਪਾਲਕ ਦੀ ਦੁੱਧ ਦੀ ਪੈਦਾਵਾਰ ਕਿੰਨੀ ਹੈ ਜੇਕਰ ਅਸੀਂ ਪਸ਼ੂ ਪਾਲਣ ਸਹੀ ਢੰਗ ਨਾਲ ਕਰ ਰਹੇ ਹਾਂ ਪਰ ਅਸੀਂ ਪਸ਼ੂ ਦੇ ਥਣ ਅਤੇ ਲੇਵੇ ਵਲ ਧਿਆਨ ਨਹੀਂ ਦੇ ਰਹੇ ਜਿਸ ਨਾਲ ਨੁਕਸਾਨ ਹੋ ਸਕਦਾ ਹੈ । ਇਸ ਲਈ ਇੱਥੇ ਇਹ ਜ਼ਰੂਰੀ ਦੱਸਿਆ ਜਾਵੇ ਜੇਕਰ ਅਸੀਂ ਪਸ਼ੂ ਦੇ ਥਣ ਅਤੇ ਲੇਵੇ ਦਾ ਖਾਸ ਖਿਆਲ ਨਹੀਂ ਰੱਖਾਂਗੇ ਤਾਂ Mastitis ਜਿਸ ਨੂੰ ਅਸੀਂ ਲੇਵੇ ਦੀ ਸੋਜ਼ ਵੀ ਕਹਿੰਦੇ ਹਾਂ, ਹੋ ਸਕਦੀ ਹੈ ।

ਇਹ ਲੇਵੇ ਦੀ ਸੋਜ਼ 2 ਕਿਸਮ ਦੀ ਹੁੰਦੀ ਹੈ ।

(1) ਸਪਸ਼ੱਟ ਸੋਜ਼
(2) ਗੁੱਝੀ ਸੋਜ਼



(1) **ਸਪਸ਼ਟ ਸੋਜ਼** : ਇਸ ਵਿੱਚ ਪਸ਼ੂ ਦੇ ਥਣਾਂ ਅਤੇ ਲੇਵੇ ਨੂੰ ਦੇਖ ਕੇ ਦੱਸ ਸਕਦੇ ਹਾਂ ਅਤੇ ਨਾਲ ਹੀ ਪਸ਼ੂ ਦੇ ਦੁੱਧ ਦੀ ਬਣਤਰ ਵਿੱਚ ਵੀ ਫਰਕ ਪੈ ਜਾਂਦਾ ਹੈ ਜਿਵੇਂ ਕਿ ਦੁੱਧ ਦਾ ਰੰਗ, ਛਿੱਧੀਆਂ, ਦੁੱਧ ਖੂਨ ਦੇ ਨਾਲ ਅਤੇ ਇਕੱਲਾ ਖੂਨ ਹੀ ਆਉਂਦਾ ਹੈ ।

(2) **ਗੁੱਝੀ ਸੋਜ਼** : ਇਸ ਵਿੱਚ ਬਾਹਰ ਦੇਖਣ ਤੇ ਕੋਈ ਨਿਸ਼ਾਨੀ ਨਹੀਂ ਹੁੰਦੀ ਅਤੇ ਇਸ ਲੇਵੇ ਦੇ ਅੰਦਰ ਲੁਕੀ ਹੋਈ ਹੁੰਦੀ ਹੈ ਅਤੇ ਜੇਕਰ ਸਹੀ ਸਮੇਂ ਤੇ ਇਸ ਦਾ ਇਲਾਜ ਨਾ ਕੀਤਾ ਜਾਵੇ ਤਾਂ ਇਹ ਸਪਸ਼ਟ ਸੋਜ਼ ਦਾ ਰੂਪ ਤਿਆਰ ਕਰ ਲੈਂਦੀ ਹੈ ।

ਇੱਥੇ ਇਹ ਗੱਲ ਧਿਆਨ ਯੋਗ ਹੈ ਕਿ ਜ਼ਰੂਰੀ ਨਹੀਂ ਕਿ ਜਦੋਂ ਪਸ਼ੂ ਦੇ ਥਣਾਂ, ਲੇਵੇ ਜਾਂ ਦੁੱਧ ਵਿੱਚ ਕੋਈ ਤਬਦੀਲੀ ਹੋ ਰਹੀ ਹੈ, ਸਿਰਫ ਉਦੋਂ ਹੀ ਇਹ ਬਿਮਾਰੀ ਹੁੰਦੀ ਹੈ । ਇਸ ਲਈ ਇਹ ਜ਼ਰੂਰੀ ਹੈ ਕਿ ਪਸ਼ੂ ਪਾਲਕ ਵੀਰ ਸਮੇਂ ਸਮੇਂ ਤੇ ਆਪਣੇ ਪਸ਼ੂ ਦਾ ਦੁੱਧ ਚੈਕ ਕਰਦੇ ਰਹਿਣ । ਜਿਸ ਬਾਰੇ ਅੱਗੇ ਦੱਸਿਆ ਹੋਇਆ ਹੈ ।

ਲੇਵੇ ਦੀ ਸੋਜ਼ ਕੀ ਹੁੰਦੀ ਹੈ ਅਤੇ ਕਿਸ ਨਾਲ ਹੁੰਦੀ ਹੈ ਅਤੇ ਇਸ ਤੋਂ ਬਚਾਵ ਕਿਵੇਂ ਕੀਤਾ ਜਾ ਸਕਦਾ ਹੈ ?

ਇਸ ਵਿੱਚ ਪਸ਼ੂ ਦਾ ਥਣ ਅਤੇ ਲੇਵਾ ਲਾਲ ਅਤੇ ਉਸ ਦੇ ਉੱਤੇ ਸੋਜ਼ਿਸ਼ ਵੀ ਹੋ ਜਾਂਦੀ ਹੈ ਅਤੇ ਨਾਲ ਹੀ ਦੁੱਧ ਵਿੱਚ ਛਿੱਧੀਆਂ, ਦੁੱਧ ਖੂਨ ਦੇ ਨਾਲ ਰਲ ਕੇ ਜਾਂ ਸਿਰਫ ਖੂਨ ਹੀ ਆਉਂਦਾ ਹੈ । ਇਸ ਤੋਂ ਇਲਾਵਾ ਲੇਵੇ ਗਰਮ ਅਤੇ ਉਨ੍ਹਾਂ ਵਿੱਚ ਦਰਦ ਵੀ ਹੁੰਦਾ ਹੈ । ਇਹ ਬੀਮਾਰੀ ਕਈਂ ਤਰ੍ਹਾਂ ਦੇ ਕੀਟਾਣੂਆਂ ਕਰਕੇ ਹੁੰਦੀ ਹੈ । ਜੋ ਪਸ਼ੂ ਦੇ ਵਾਤਾਵਰਣ ਵਿੱਚ ਮੌਜੂਦ ਹੁੰਦੇ ਹਨ । ਇਹ ਕੀਟਾਣੂ ਫਾਰਮ ਦੇ ਫਰਸ਼, ਮਲ ਮੂਤਰ, ਦੁੱਧ ਚੁਆਈ ਕਰਨ ਵਾਲੇ ਬੰਦੇ ਦੇ ਹੱਥਾਂ ਜਾਂ ਮਸ਼ੀਨ ਰਾਹੀਂ ਵੀ ਹੋ ਸਕਦੀ ਹੈ ।

★ ਇਸ ਤੋਂ ਇਲਾਵਾ ਜੇਕਰ ਫਾਰਮ ਵਿੱਚ ਸਫਾਈ ਨਾ ਹੋਵੇ ਅਤੇ ਨਮੀਂ ਜਾਂ ਫਰਸ਼ ਗਿੱਲ੍ਹਾ ਰਹਿੰਦਾ ਹੋਵੇ, ਇਸ ਕਰਕੇ ਵੀ ਪਸ਼ੂ ਨੂੰ ਥਣਾਂ ਅਤੇ ਲੇਵੇ ਦੀ ਇਹ ਬੀਮਾਰੀ ਹੋ ਸਕਦੀ ਹੈ ।

★ ਇਸ ਤੋਂ ਇਲਾਵਾ ਵੱਧ ਦੁੱਧ ਦੇਣ ਵਾਲੇ ਪਸ਼ੂ ਵਿੱਚ ਇਹ ਬਿਮਾਰੀ ਹੋਣ ਦਾ ਖਤਰਾ ਵੱਧ ਹੁੰਦਾ ਹੈ ।

★ ਦੁੱਧ ਦੀ ਚੁਆਈ ਸਹੀ ਢੰਗ ਨਾਲ ਨਾ ਕੀਤੀ ਜਾਵੇ ਮਤਲਬ ਪੂਰੇ ਹੱਥ ਦੀ ਜਗ੍ਹਾ ਸਿਰਫ ਅੰਗੂਠਾ ਅਤੇ ਉਂਗਲੀ ਨਾਲ ਕੀਤੀ ਜਾਵੇ, ਜਿਸ ਨਾਲ ਥਣਾਂ ਉੱਤੇ ਕੋਈ ਜ਼ਖਮ ਹੋ ਜਾਵੇ ਜਿਸ ਨਾਲ ਨੁਕਸਾਨ ਹੋ ਜਾਂਦਾ ਹੈ ।

★ ਦੁੱਧ ਦੀ ਚੁਆਈ ਪੂਰੀ ਨਾ ਹੋਵੇ ਅਤੇ ਲੇਵੇ ਵਿੱਚ ਦੁੱਧ ਅੰਦਰ ਹੀ ਰਹਿ ਜਾਵੇ ਪਸ਼ੂ ਅਤੇ ਲੇਵੇ ਦੀ ਸਫਾਈ ਨਾ ਹੋਵੇ, ਜੇਕਰ ਲੱਤ, ਲੇਵੇ ਤੇ ਗੋਹਾ ਲੱਗਾ ਹੋਵੇ ।

★ ਫਾਰਮ ਦਾ ਫਰਸ਼ ਪੱਧਰਾ ਅਤੇ ਸਾਫ ਨਾ ਹੋਵੇ, ਜਿਸ ਨਾਲ ਪਸ਼ੂ ਦੇ ਥਣਾਂ ਉੱਤੇ ਜ਼ਖਮ ਹੋ ਜਾਵੇ । ਕਿਉਂਕਿ ਚੁਆਈ ਤੋਂ ਬਾਅਦ ਥਣ ਦੀ ਮੋਰੀ ਘੱਟ-ਘੱਟ 20 ਮਿੰਟਾਂ ਤੱਕ ਖੁੱਲ੍ਹੀ ਰਹਿੰਦੀ ਹੈ ।

**ਲੇਵੇ ਦੀ ਸੋਜ਼ ਦੇ ਲੱਛਣ** : ਇਹ ਇਸ ਗੱਲ ਤੇ ਨਿਰਭਰ ਕਰਦੀ ਹੈ ; ਲਾਗ ਕਿਸ ਸਟੇਜ ਤੇ ਹੈ ।

**ਨਿਸ਼ਾਨੀਆਂ** : ਇਸ ਵਿੱਚ ਲੇਵੇ ਗਰਮ ਅਤੇ ਲਾਲ ਹੋ ਜਾਂਦਾ ਹੈ ਅਤੇ ਪਸ਼ੂ ਹੱਥ ਲਾਉਣ ਤੇ ਦਰਦ ਮਹਿਸੂਸ ਕਰਦਾ ਹੈ ਅਤੇ ਬੀਮਾਰੀ ਦੀ ਅਸਰ ਵਾਲੇ ਹਿੱਸੇ ਤੇ ਸੋਜ਼ਿਸ਼ ਹੋ ਜਾਂਦੀ ਹੈ । ਦੁੱਧ ਵਿੱਚ ਪਾਣੀ ਅਤੇ ਛਿੱਧੀਆਂ ਆਉਣ ਲੱਗ ਪੈਂਦੀਆਂ ਹਨ । ਜਿਸ ਦਾ ਜੇਕਰ ਸਹੀ ਸਮੇਂ ਤੇ ਇਲਾਜ਼ ਨਾ ਕੀਤਾ ਜਾਵੇ ਤਾਂ ਲੇਵਾਜ ਅਤੇ ਥਣ ਖਰਾਬ ਹੋ ਜਾਂਦਾ ਹੈ ਅਤੇ ਉਸ ਵਿੱਚੋਂ ਦੁੱਧ ਦੀ ਪੈਦਾਵਾਰ ਹੋਣੀ ਬੰਦ ਹੋ ਜਾਂਦੀ ਹੈ ।

**ਬਿਮਾਰੀ ਦੀ ਪਛਾਣ ਕਿਵੇਂ ਹੋਵੇਗੀ** : ਇਸ ਬਿਮਾਰੀ ਦੀ ਪਛਾਣ ਲਈ, ਪਹਿਲਾਂ ਤਾਂ ਜੇਕਰ ਸਪੱਸ਼ਟ ਸੋਜ਼ ਹੈ, ਇਸ ਵਿੱਚ ਥਣਾਂ, ਲੇਵੇ ਅਤੇ ਦੁੱਧ ਵਿੱਚ ਆਇਆ ਬਦਲਾਵ ਜਿਨ੍ਹਾਂ ਬਾਰੇ ਉੱਪਰ ਲਿਖਿਆ ਗਿਆ ਹੈ ਉਨ੍ਹਾਂ ਨੂੰ ਵੇਖ ਕੇ ਕੀਤੀ ਜਾ ਸਕਦੀ ਹੈ । ਸਪਸ਼ੱਟ ਸੋਜ਼ ਤੋਂ ਗੁੱਝੀ ਸੋਜ਼ ਜ਼ਿਆਦਾ ਖਤਰਨਾਕ ਹੈ ਕਿਉਂਕਿ ਇਸ ਵਿੱਚ ਲੇਵੇ, ਥਣਾਂ ਅਤੇ ਦੁੱਧ ਦੇ ਰੰਗ ਅਤੇ ਘਣਤਾ ਵਿੱਚ ਕੋਈ ਫਰਕ ਨਹੀਂ ਪੈਂਦਾ, ਜਿਸ ਕਰਕੇ ਪਸ਼ੂ ਪਾਲਕ ਨੂੰ ਇਸ ਬਿਮਾਰੀ ਦਾ ਪਤਾ ਨਹੀਂ ਲਗਦਾ । ਇਸ ਲਈ ਇਹ ਜ਼ਰੂਰੀ ਹੈ ਕਿ ਆਪਣੇ ਫਾਰਮ ਵਿੱਚ ਪਸ਼ੂਆਂ ਦੇ ਮਹੀਨੇ ਵਿੱਚ ਇਕ ਯਾ ਦੋ ਵਾਰੀ ਦੁੱਧ ਦਾ ਟੈਸਟ ਜੋ ਕਿ ਪਸ਼ੂ ਪਾਲਕ ਆਪ ਵੀ ਕਰ ਸਕਦੇ ਹਨ । ਇਸ ਦੇ ਲਈ ਯੂਨੀਵਰਸਿਟੀ ਵਲੋਂ ਤਿਆਰ ਕੀਤੇ ਗਏ ਟੈਸਟ

**ਬੀ ਟੀ ਬੀ ਕਾਰਡ ਟੈਸਟ** : ਇਸ ਟੈਸਟ ਦੇ ਨਾਲ ਪਸ਼ੂ ਪਾਲਕ ਆਪਣੇ ਘਰ ਵਿੱਚ ਹੀ ਆਪਣੇ ਪਸ਼ੂ ਦਾ ਦੁੱਧ ਚੈੱਕ ਕਰ ਸਕਦੇ ਹਨ । ਇਸ ਤਰੀਕੇ ਵਿੱਚ ਇੱਕ ਖਾਸ ਕਿਸਮ ਦਾ ਕਾਰਡ ਵਰਤਿਆ ਜਾਂਦਾ ਹੈ ਜਿਸ ਉੱਤੇ ਰਸਾਇਣ ਦੇ ਚਾਰ ਪੀਲੇ ਸਰਕਲ ਹੁੰਦੇ ਹਨ । ਇਨ੍ਹਾਂ ਦੀ ਪਹਿਚਾਣ ਖੱਬਾ ਅਗਲਾ, ਖੱਬਾ ਪਿਛਲਾ, ਸੱਜਾ ਅਗਲਾ ਅਤੇ ਸੱਜਾ ਪਿਛਲਾ ਕੀਤੀ ਜਾਂਦੀ ਹੈ । ਹਰ ਇੱਕ ਥਣ ਤੋਂ ਦੁੱਧ ਦਾ ਇੱਕ ਤੁਪਕਾ



ਅਲੱਗ-ਅਲੱਗ ਪਹਿਚਾਣੇ ਗੋਲੇ ਤੇ ਪਾਉ ਅਤੇ 20-30 ਸੈਕਿੰਡ ਵਿੱਚ ਰੰਗ ਦੇ ਬਦਲਾਅ ਨੂੰ ਹੇਠ ਤਰ੍ਹਾਂ ਪੜ੍ਹੋ ।

ਪੀਲਾ ਹੀ ਰਹਿੰਦਾ ਹੈ : ਕੋਈ ਸੋਜ਼ ਨਹੀਂ
ਪੀਲਾ ਹਰਾ ਹੋ ਜਾਣਾ : ਸੋਜ਼ ਦਾ ਸ਼ੱਕ
ਹਰਾ ਹੋ ਜਾਣਾ : ਗੁੱਝੀ ਸੋਜ਼ ਹੋਣਾ
ਸੰਘਣਾ ਹਰਾ ਜਾਂ ਨੀਲਾ ਹੋ ਜਾਣਾ : ਸਪਸ਼ਟ ਸੋਜ਼

**ਐਸ ਐਲ ਐਸ ਟੈਸਟ** : ਇਸ ਤਰੀਕੇ ਵਿੱਚ ਇਕ ਖਾਸ ਕਿਸਮ ਦਾ ਰੀਜੈਂਟ ਅਤੇ ਚਾਰ ਕੱਪਾਂ ਵਾਲਾ ਪੈਡਲ ਵਰਤਿਆ ਜਾਂਦਾ ਹੈ । ਚਾਰੇ ਥਣਾਂ 2-3 ਮਿ. ਲੀ. ਦੁੱਧ ਪੈਡਲ ਦੇ ਕੱਪਾਂ ਵਿੱਚ ਲਵੋ । ਲੱਗਭੱਗ ਉਨ੍ਹੀਂ ਹੀ ਮਾਤਰਾ ਵਿੱਚ ਹਰ ਇੱਕ ਕੱਪ ਵਿੱਚ ਰੀਜੈਂਟ ਪਾਉ । ਪੈਡਲ ਨੂੰ ਘੁੰਮਾ ਕੇ ਘੋਲ ਨੂੰ ਮਿਲਾਉ ਅਤੇ ਨਤੀਜਾ ਹੇਠ ਤਰ੍ਹਾਂ ਪੜ੍ਹੋ :

1) **ਅਗਰ ਘੋਲ ਤਰਲ ਹੀ ਰਹਿੰਦਾ ਹੈ ਤਾਂ ਕੋਈ ਸੋਜ਼ ਨਹੀਂ** : ਪੈਡਲ ਟੇਡਾ ਕਰਨ ਤੇ ਘੋਲ ਹੇਠ ਪਤਲੀ ਲੇਸ (ਜਾਲਾ ਜਿਹਾ) ਦਿਖਾਈ ਦਿੰਦੀ ਹੈ : **ਸੋਜ਼ ਦਾ ਸ਼ੱਕ**

2) ਘੋਲ ਸੰਘਣਾ ਹੋ ਜਾਂਦਾ ਹੈ ਅਤੇ ਘੁੰਮਾਉਣ ਸਮੇਂ ਗੁੰਦ ਵਰਗੀ ਲੇਸ ਸਾਰੇ ਕੱਪ ਵਿੱਚ ਫੈਲੀ ਦਿਖਾਈ ਦਿੰਦੀ ਹੈ : **ਗੁੱਝੀ ਸੋਜ਼ ਹੋਣਾ**

3) ਘੁੰਮਾਉਣ ਸਮੇਂ ਘੋਲ ਦਾ ਗੁਲੱਫਾ ਜਿਹਾ (ਲੇਵੀ ਵਰਗਾ) ਬਣ ਕੇ ਕੱਪ ਦੇ ਵਿਚਕਾਰ ਖੜਾ ਜਿਹਾ ਦਿਖਾਈ ਦਿੰਦਾ ਹੈ : **ਸਪਸ਼ਟ ਸੋਜ਼**

**ਇਲਾਜ** : ਜੇਕਰ ਤਾਂ ਸਪਸ਼ਟ ਸੋਜ਼ ਨਜ਼ਰ ਆਉਂਦੀ ਹੈ ਤਾਂ ਇਸ ਦੇ ਲਈ ਜਲਦੀ ਤੋਂ ਜਲਦੀ ਆਪਣੇ ਇਲਾਕੇ ਵਿੱਚ ਮੌਜੂਦ ਡਾਕਟਰ ਤੋਂ ਸਮਾਂ ਰਹਿੰਦੇ ਇਸ ਦਾ ਇਲਾਜ ਸ਼ੁਰੂ ਕਰਵਾ ਦਿਉ ਤਾਂ ਜੋ ਪਸ਼ੂ ਦਾ ਲੇਵਾ ਅਤੇ ਥਣ ਬਚਾਇਆ ਜਾ ਸਕੇ । ਐਂਟੀਬਾਇਉਟਿਕ ਦੇ ਟੀਕੇ ਡਾਕਟਰ ਦੀ ਸਲਾਹ ਨਾਲ ਹੀ ਲਗਾਉ ਅਤੇ ਪੂਰੇ ਲਗਾਉ, ਭਾਵ ਜਿੰਨੇ ਦਿਨ ਡਾਕਟਰ ਨੇ ਦੱਸੇ ਹਨ ਉੰਨੇ ਦਿਨ ਪੂਰੇ ਕਰੋ ਅਤੇ ਦਵਾਈ ਪੂਰੀ ਕਰਨ ਤੋਂ ਪਹਿਲਾਂ ਬੰਦ ਨਾ ਕਰੋ ।

**ਬਚਾਉ ਅਤੇ ਰੋਕਥਾਮ** : 1. ਪਸ਼ੂ ਦੀ ਚੁਆਈ ਕਰਨ ਵਾਲਾ ਹਿੱਸਾ ਅਲਗ ਰਖੋ ਅਤੇ ਸਾਫ ਸੁਥਰਾ ਹੋਣਾ ਚਾਹੀਦਾ ਹੈ । ਇਸ ਤੋਂ ਇਲਾਵਾ 3% ਫੀਨਾਈਲ ਦੇ ਘੋਲ ਨਾਲ ਕੀਟਾਣੂ ਰਹਿਤ ਕੀਤਾ ਜਾ ਸਕਦਾ ਹੈ ।

2. ਪਸ਼ੂ ਦੇ ਥਣਾਂ ਨੂੰ ਦੁੱਧ ਚੋਣ ਤੋਂ ਪਹਿਲਾਂ ਪਾਣੀ ਨਾਲ ਧੋ ਲਵੋ ਅਤੇ ਉਸ ਨੂੰ ਸਾਫ ਤੌਲੀਏ ਨਾਲ ਸੁਕਾ ਲਵੋ, ਇਸ ਤੋਂ ਬਾਅਦ ਆਪਣੇ ਹੱਥ ਵੀ ਚੰਗੀ ਤਰ੍ਹਾਂ ਸਾਬੁਣ ਨਾਲ ਧੋ ਲਵੋ ਅਤੇ ਸੁਕਾ ਲਵੋ ।

3. ਦੁੱਧ ਦੀ ਚੁਆਈ ਸਹੀ ਢੰਗ ਨਾਲ ਕਰੋ, ਅੰਗੂਠੇ ਦੀ ਵਰਤੋਂ ਨਾ ਕਰੋ ।

4. ਪੂਰੀ ਚੁਆਈ 5-10 ਮਿੰਟਾਂ ਵਿੱਚ ਹੀ ਹੋਣੀ ਚਾਹੀਦੀ ਹੈ, ਅਤੇ ਥਣ ਪੂਰੇ ਖਾਲੀ ਕਰੋ । ਥਣਾਂ ਵਿੱਚ ਦੁੱਧ ਨਾ ਰਹੇ ।

5. ਚੁਆਈ ਕਰਨ ਤੋਂ ਬਾਅਦ ਥਣਾਂ ਨੂੰ ਆਇਓਡੀਨ ਅਤੇ ਗਲੇਸੇਰੀਨ ਦੇ ਘੋਲ ਵਿੱਚ ਡੋਬਣਾ ਜ਼ਰੂਰੀ ਹੈ ਜਿਸ ਨਾਲ ਅਸੀਂ ਕਾਫੀ ਹੱਦ ਤੱਕ ਥਣਾਂ ਤੋਂ ਹੋਣ ਵਾਲੀਆਂ ਬਿਮਾਰੀ ਤੋਂ ਬਚਾ ਸਕਦੇ ਹਾਂ ।

6. ਸਮੇਂ ਸਮੇਂ ਤੇ ਦੁੱਧ ਦਾ ਟੈਸਟ, (ਬੀ ਟੀ ਕਾਰਡ ਟੈਸਟ, ਐਸ ਐਲ ਐਸ ਟੈਸਟ) ਰਾਹੀਂ ਘਰੇ ਅਤੇ ਕਿਸੀ ਬਦਲਾਵ ਦੀ ਹਾਲਤ ਵਿੱਚ ਡਾਕਟਰ ਨਾਲ ਸੰਪਰਕ ਕਰੋ ਅਤੇ ਪੂਰਾ ਇਲਾਜ ਕਰਵਾਉ ।

7. ਕੋਸ਼ਿਸ਼ ਕਰੋ ਪਸ਼ੂ ਚੁਆਈ ਤੋਂ 5-10 ਮਿੰਟਾਂ ਬਾਅਦ ਤਕ ਖੜ੍ਹਾ ਰਹੇ ਕਿਉਂਕਿ ਚੁਆਈ ਤੋਂ ਥੋੜੀ ਦੇਰ ਤੱਕ teat canal ਖੁੱਲੇ ਰਹਿੰਦੇ ਹਨ ਜੇਕਰ ਪਸ਼ੂ ਚੁਆਈ ਬਾਅਦ ਬੈਠ ਜਾਵੇ ਤਾਂ ਕਿਟਾਣੂ ਥਣਾਂ ਵਿੱਚ ਘਰ ਕਰ ਜਾਂਦੇ ਹਨ ।

8. ਗੱਭਣ ਪਸ਼ੂ ਨੂੰ ਜਦੋਂ ਅਸੀਂ ਆਖਰੀ ਦੋ ਮਹੀਨੇ ਵਿੱਚ ਦੁੱਧ ਛੱਡ ਦਿੰਦੇ ਹਾਂ ਉਸ ਵੇਲੇ ਦੁੱਧ ਚੋਣ ਤੋਂ ਬਾਅਦ ਥਣਾਂ ਵਿੱਚ ਟਿਊਬ ਚੜ੍ਹਾ ਦੇਣੀ ਚਾਹੀਦਾ ਹੈ ।

9. ਬਿਮਾਰ ਪਸ਼ੂ ਨੂੰ ਅਲੱਗ ਰੱਖੋ ਅਤੇ ਉਸ ਦਾ ਦੁੱਧ ਤੰਦਰੁਸਤ ਪਸ਼ੂ ਨਾਲ ਨਾ ਮਿਲਾਉ ।

10. ਬਿਮਾਰ ਪਸ਼ੂ ਦਾ ਥਣ ਬਾਰ ਬਾਰ ਖਾਲੀ ਕਰੋ । ਹੋਰ ਜਾਣਕਾਰੀ ਲਈ ਆਪਣੇ ਇਲਾਕੇ ਵਿੱਚ ਖੁਲ੍ਹੇ ਕੰਢੀ ਖੇਤਰੀ ਖੋਜ ਅਤੇ ਸਿਖਲਾਈ ਕੇਂਦਰ ਪਿੰਡ ਭਟੋਲੀ, ਬਲਾਮ ਤਲਵਾੜਾ ਸੰਪਰਕ ਕਰੋ, ਉੱਪਰ ਲਿਖੇ ਮੋਬਾਇਲ ਤੇ ਫੋਨ ਕਰਕੇ ਵੀ ਪਤਾ ਕਰ ਸਕਦੇ ਹੋ ।

# ਆਮ ਲੋਕਾਂ ’ਤੇ ਵਿੱਤੀ ਬੋਝ ਦੀਆਂ ਤੰਦਾਂ


ਕਦੇ-ਕਦੇ ਮੇਰੇ ਮਨ ‘ਚ ਖਿਆਲ ਆਉਂਦਾ ਹੈ ਕਿ ਆਲੂ ਤੇ ਪਿਆਜ਼ ਜਿਹੀਆਂ ਚੀਜ਼ਾਂ ਦੀਆਂ ਚੜ੍ਹਦੀਆਂ ਰਹਿੰਦੀਆਂ ਕੀਮਤਾਂ ਦਾ ਸਤਾਇਆ ਇੱਕ ਮੁਲਕ ਅਗਲੇ ਕੁਝ ਸਾਲਾਂ ਵਿਚ ਦੁਨੀਆਂ ਦਾ ਤੀਜਾ ਸਭ ਤੋਂ ਵੱਡਾ ਅਰਥਚਾਰਾ ਬਣਨ ਬਾਰੇ ਕਿਵੇਂ ਸੋਚ ਸਕਦਾ ਹੈ। ਸਬਜ਼ੀਆਂ, ਫਲਾਂ, ਦਾਲਾਂ ਤੇ ਅਨਾਜ ਦੀਆਂ ਕੀਮਤਾਂ ‘ਚ ਕਦੇ-ਕਦਾਈ ਆਉਂਦੇ ਉਛਾਲ ਨੂੰ ਅਕਸਰ ਮਹਿੰਗਾਈ ‘ਚ ਵਾਧੇ ਲਈ ਜ਼ਿੰਮੇਵਾਰ ਠਹਿਰਾ ਦਿੱਤਾ ਜਾਂਦਾ ਹੈ, ਸਿੱਟੇ ਵਜੋਂ ਭਾਰਤੀ ਰਿਜ਼ਰਵ ਬੈਂਕ (ਆਰ ਬੀ ਆਈ) ਨੂੰ ਵਿਆਜ ਦਰਾਂ ਦੀ ਲਗਾਮ ਖਿੱਚਣੀ ਪੈਂਦੀ ਹੈ।

ਖਪਤਕਾਰ ਕੀਮਤ ਸੂਚਕ ਅੰਕ (ਸੀ ਪੀ ਆਈ) ‘ਤੇ ਆਧਾਰਿਤ ਪ੍ਰਚੂਨ ਮਹਿੰਗਾਈ ਦੀ ਦਰ ਹੁਣ 4.85 ਫੀਸਦੀ ਤੱਕ ਹੇਠਾਂ ਆ ਗਈ ਹੈ ਪਰ ਪ੍ਰਚੂਨ ਖੁਰਾਕੀ ਮਹਿੰਗਾਈ ਹਾਲੇ ਵੀ ਚਿੰਤਾ ਦਾ ਵਿਸ਼ਾ ਬਣੀ ਹੋਈ ਹੈ। ਮਾਰਚ 2024 ਵਿਚ 8.5 ਫੀਸਦੀ ‘ਤੇ ਰਹੀ ਉੱਚੀ ਖੁਰਾਕੀ ਮਹਿੰਗਾਈ ਕਾਰਨ ਵਿੱਤੀ ਵਰ੍ਹੇ 2024-25 ਦੀ ਪਹਿਲੀ ਤਿਮਾਹੀ ਵਿਚ ਰੈਪੋ ਦਰ ‘ਚ ਕਟੌਤੀ ਲਈ ਮੁਦਰਾ ਨੀਤੀ ਕਮੇਟੀ (ਐੱਮ ਪੀ ਸੀ) ਕੋਲ ਕੋਈ ਬਦਲ ਨਹੀਂ ਬਚਿਆ। ਮਹਿੰਗਾਈ ਦੇ ਰੁਝਾਨ ਨੂੰ ਦੇਖਦਿਆਂ ਤੇ ਜਿਸ ਢੰਗ ਨਾਲ ਇਹ ਵਧ-ਘੱਟ ਰਹੀ ਹੈ, ਐੱਮ ਪੀ ਸੀ ਜਿਹੜੀ ਸਾਵਧਾਨੀ ਵਰਤੇਗੀ, ਉਹ ਮਹਿੰਗਾਈ ਨੂੰ 4 ਫੀਸਦੀ ਤੱਕ ਰੱਖਣ ਦੇ ਆਰ ਬੀ ਆਈ ਦੇ ਟੀਚੇ ਉੱਤੇ ਕੇਂਦਰਿਤ ਹੋਵੇਗੀ।

ਖਪਤਕਾਰ ਕੀਮਤ ਸੂਚਕ ਅੰਕ ਵਿਚ ਇੱਕ ਔਸਤ ਸ਼ਹਿਰੀ ਤੇ ਦਿਹਾਤੀ ਪਰਿਵਾਰ ਵਲੋਂ ਖਪਾਈਆਂ ਜਾਂਦੀਆਂ ਵਸਤਾਂ ਤੇ ਸੇਵਾਵਾਂ ਸ਼ਾਮਲ ਹੁੰਦੀਆਂ ਹਨ। ਇਸ ਲਈ ਸਾਰੀਆਂ ਨਜ਼ਰਾਂ ਖੁਰਾਕੀ ਮਹਿੰਗਾਈ ਉੱਤੇ ਟਿਕੀਆਂ ਹੋਈਆਂ ਹਨ। ਇੱਕ ਔਸਤ ਪਰਿਵਾਰ ਨੂੰ ਅਸਲ ਵਿਚ ਸਿਹਤ, ਸਿੱਖਿਆ ਤੇ ਮਕਾਨ ਉੱਤੇ ਹੋਣ ਵਾਲੇ ਖਰਚ ਜ਼ਿਆਦਾ ਪ੍ਰਭਾਵਿਤ ਕਰਦੇ ਹਨ ਜੋ ਕਿ ਮਹਿੰਗਾਈ ਦੇ ਅਸਲੀ ਚਾਲਕ ਹਨ। ਭਾਵੇਂ ਗਰੀਬ ਤਬਕਾ ਹੋਵੇ ਜਾਂ ਮੱਧਵਰਗ, ਹਰੇਕ ਪਰਿਵਾਰ ਨੂੰ ਆਪਣੀ ਜ਼ਿੰਦਗੀ ਭਰ ਦੀ ਪੂੰਜੀ (ਜਿਸ ਨਾਲ ਅਕਸਰ ਬੈਂਕ ਕਰਜ਼ੇ ਵੀ ਜੁੜੇ ਹੁੰਦੇ ਹਨ) ਅਖੀਰ ਬੱਚਿਆਂ ਨੂੰ ਪੜ੍ਹਾਉਣ, ਪਰਿਵਾਰ ਦੀ ਸਿਹਤ ਸੰਭਾਲ ਅਤੇ ਘਰ ਚਲਾਉਣ ਦੇ ਨਿੱਤ ਵਧ ਰਹੇ ਖਰਚਿਆਂ ਉੱਤੇ ਲਾਉਣੀ ਪੈਂਦੀ ਹੈ।

ਇਹ ਸਭ ਘਰੇਲੂ ਕਰਜ਼ਿਆਂ ਦੇ ਉੱਚ ਅਨੁਮਾਨਾਂ ਅਤੇ ਮੋਤੀ ਲਾਲ ਓਸਵਾਲ ਫਾਇਨੈਂਸ਼ੀਅਲ ਸਰਵਿਸਿਜ਼ ਦੇ ਤਾਜ਼ਾ ਮੁਲਾਂਕਣ ‘ਚ ਵੀ ਸਾਹਮਣੇ ਆਇਆ ਹੈ। ਇਹ ਸੰਕੇਤ ਕਰਦਾ ਹੈ ਕਿ ਦਸੰਬਰ 2023 ਵਿਚ ਇਹ ਖਰਚ ਜੀ ਡੀ ਪੀ ਦੇ 40 ਫੀਸਦੀ ਤੱਕ ਪਹੁੰਚਾ ਚੁੱਕਾ ਸੀ। ਇਸ ਨੂੰ ਨਵਾਂ ਸਭ ਤੋਂ ਉੱਚਾ ਪੱਧਰ ਮੰਨਿਆਂ ਜਾ ਰਿਹਾ ਹੈ। ਵਧ ਰਹੇ ਵਿੱਤੀ ਦਬਾਅ ਜਿਸ ਨੇ ਬੈਂਕ ਕਰਜ਼ਿਆਂ ਦੀ ਲੋੜ ਪੈਦਾ ਕੀਤੀ ਹੈ, ਦਾ ਅਸਲ ਕਾਰਨ ਯਕੀਨਨ ਆਸਮਾਨ ਛੂਹ ਰਹੇ ਖੁਰਾਕੀ ਖਰਚੇ ਨਹੀਂ ਹਨ ਸਗੋਂ ਇਹ ਸਿਹਤ, ਸਿੱਖਿਆ ਤੇ ਆਵਾਸ ਉੱਤੇ ਨਿਰੰਤਰ ਵਧੇ ਖਰਚਿਆਂ ਦਾ ਨਤੀਜਾ ਹੈ। ਆਮਦਨ ‘ਚ ਆਈ ਖੜੋਤ (ਦਿਹਾਤੀ ਉਜਰਤਾਂ ਪਿਛਲੇ 10 ਸਾਲਾਂ ‘ਚ ਲਗਭਗ ਨਾਂਹ ਦੇ ਬਰਾਬਰ ਵਧੀਆਂ ਹਨ) ਦੇ ਨਾਲ, ਗੈਰ-ਜ਼ਮਾਨਤੀ ਨਿੱਜੀ ਕਰਜ਼ਿਆਂ ‘ਚ ਰਿਕਾਰਡ ਵਾਧਾ ਦਰਜ ਕੀਤਾ ਗਿਆ ਹੈ। ਭਾਵੇਂ ਵਿੱਤ ਮੰਤਰਾਲੇ ਨੂੰ ਲੱਗਦਾ ਹੈ ਕਿ ਨਿੱਜੀ ਕਰਜ਼ਿਆਂ ਵਿਚ ਵਾਧਾ ਲੋਕਾਂ ਦੀਆਂ ਲਗਾਤਾਰ ਵਧ ਰਹੀਆਂ ਖਾਹਿਸ਼ਾਂ ਦਾ ਸਿੱਟਾ ਹੈ ਪਰ ਬਹੁਤੇ ਇਸ ਨੂੰ ਵਿੱਤੀ ਦਬਾਅ ਵਧਣ ਦਾ ਸੰਕੇਤ ਮੰਨਦੇ ਹਨ। ਆਰ ਬੀ ਆਈ ਦੇ ਤਾਜ਼ਾ ਅਨੁਮਾਨ 2022-23 ਵਿਚ ਕੁੱਲ ਵਿੱਤੀ ਬੱਚਤਾਂ ਘਟਣ (5.1 ਫੀਸਦੀ) ਵੱਲ ਵੀ ਇਸ਼ਾਰਾ ਕਰਦੇ ਹਨ, ਇਹ ਪਿਛਲੇ ਤਕਰੀਬਨ ਪੰਜ ਦਹਾਕਿਆਂ ਵਿਚ ਸਭ ਤੋਂ ਘੱਟ ਹੈ।

ਇਕ ਅਜਿਹੇ ਮੁਲਕ ਵਿਚ ਜਿੱਥੇ ਇਕ ਪਰਿਵਾਰ ਦਾ ਰਸੋਈ ਦਾ ਔਸਤ ਖਰਚਾ ਪ੍ਰਤੀ ਮਹੀਨਾ 10,000-20,000 ਵਿਚਕਾਰ ਹੈ, ਉੱਥੇ ਸਬਜ਼ੀਆਂ ਦੀ ਕੀਮਤ ਵਿਚ ਵਾਧਾ ਮੱਧਵਰਗ ਦੇ ਮਹੀਨਾਵਾਰ



**ਦੇਵਿੰਦਰ ਸ਼ਰਮਾ,**
**ਖੁਰਾਕ ਅਤੇ ਖੇਤੀਬਾੜੀ ਮਾਮਲਿਆਂ ਦੇ ਮਾਹਿਰ**

ਖੁਰਾਕ ਬਜਟ ਨੂੰ ਹਜ਼ਾਰ ਰੁਪਏ ਤੱਕ (ਜਾਂ ਵੱਧ ਤੋਂ ਵੱਧ 2,000) ਵਧਾ ਸਕਦਾ ਹੈ ਤੇ ਇਹ ਚਿਤਾਵਨੀ ਦੇਣ ਲਈ ਕਾਫੀ ਹੈ। ਮੀਡੀਆ ‘ਚ ਖੁਰਾਕੀ ਪਦਾਰਥਾਂ ਦੀਆਂ ਕੀਮਤਾਂ ‘ਤੇ ਲਗਾਮ ਕੱਸਣ ਦੀ ਗੱਲ ਚੱਲਣ ਦੇ ਨਾਲ ਹੀ ਆਰ ਬੀ ਆਈ ਹਰਕਤ ਵਿੱਚ ਆਉਂਦੀ ਹੈ ਤਾਂ ਕਿ ਖੁਰਾਕੀ ਮਹਿੰਗਾਈ ਨੂੰ ਕਾਬੂ ਵਿਚ ਰੱਖਿਆ ਜਾ ਸਕੇ। ਪਰ ਮੈਨੂੰ ਉਦੋਂ ਕੋਈ ਹਰਕਤ ਨਜ਼ਰ ਨਹੀਂ ਆਉਂਦੀ ਜਦ ਮੀਡੀਆ ਰਿਪੋਰਟਾਂ ਸ਼ਹਿਰਾਂ ‘ਚ ਉਸਾਰੀ ਅਧੀਨ ਘਰਾਂ ਦੀਆਂ ਵਧ ਰਹੀਆਂ ਕੀਮਤਾਂ ਨੂੰ ਉਭਾਰ ਕੇ ਪੇਸ਼ ਕਰਦੀਆਂ ਹਨ। ਪਟਨਾਂ ਦੀਆਂ ਕੀਮਤਾਂ ਪਿਛਲੇ ਪੰਜ ਸਾਲਾਂ ‘ਚ ਦੁੱਗਣੀਆਂ ਹੋ ਗਈਆਂ ਹਨ ਅਤੇ ਲਖਨਊ ਤੇ ਭੁਪਾਲ ਵਰਗੇ ਸ਼ਹਿਰਾਂ ਵਿਚ ਇਹ ਲਗਭਗ 50 ਫੀਸਦੀ ਦੀ ਦਰ ਨਾਲ ਵਧੀਆਂ ਹਨ। ਕਿਸੇ ਵੀ ਹਾਲਤ ‘ਚ ਹਰੇਕ 11 ਮਹੀਨਿਆਂ ਬਾਅਦ ਘਰਾਂ ਦੇ ਕਿਰਾਏ ਵੀ ਔਸਤ 10-15 ਫੀਸਦੀ ਵਧ ਰਹੇ ਹਨ।

ਇਸ ਤੋਂ ਪਹਿਲਾਂ ਇਕ ਆਜ਼ਾਦਾਨਾ ਨੀਤੀ ਵਿਚਾਰ ਮੰਚ (ਥਿੰਕ ਟੈਂਕ) ‘ਦਿ ਸੈਂਟਰ ਫਾਰ ਸੋਸ਼ਲ ਐਂਡ ਇਕਨਾਮਿਕ ਪ੍ਰੋਗਰੈੱਸ’ ਵੱਲੋਂ ਕਰਵਾਏ ਗਏ ਅਧਿਐਨ ‘ਚ ਦੱਸਿਆ ਗਿਆ ਸੀ ਕਿ ਪਿਛਲੇ ਤਿੰਨ ਦਹਾਕਿਆਂ ‘ਚ ਦੇਸ਼ ਵਿਚ ਘਰਾਂ ਦੀਆਂ ਕੀਮਤਾਂ 15 ਗੁਣਾ ਤੱਕ ਵਧ ਗਈਆਂ ਹਨ। ਉੱਚੇ ‘ਬੇਸ ਲੈਵਲ’ ਦੇ ਮੱਦੇਨਜ਼ਰ, ਇਸ ਤਰ੍ਹਾਂ ਅਸਲ ਕੀਮਤ ਜੋ ਕਿਸੇ ਵੀ ਖਰੀਦਦਾਰ ਨੂੰ ਘਰ ਲਈ ਅਦਾ ਕਰਨੀ ਪੈ ਸਕਦੀ ਹੈ, ਉਸ ਦਾ ਪੱਧਰ ਬਹੁਤ ਜ਼ਿਆਦਾ ਹੋ ਸਕਦਾ ਹੈ।

ਮਾਈਕਰੋ-ਬਲੋਗਿੰਗ ਸਾਈਟ ਐਕਸ ‘ਤੇ ਇਕ ਵਰਤੋਂਕਾਰ ਨੇ ਲਿਖਿਆ: ‘‘ਮੇਰਾ ਬੇਟਾ ਗੁਰੂਗ੍ਰਾਮ ਦੇ ਇਕ ਉੱਘੇ ਸੀ ਬੀ ਐੱਸ ਈ ਸਕੂਲ ‘ਚ ਤੀਜੀ ਜਮਾਤ ‘ਚ ਪੜ੍ਹਦਾ ਹੈ। ਸਕੂਲ ਦੀ ਫੀਸ ਪ੍ਰਤੀ ਮਹੀਨਾ 30,000 ਹੈ (ਬੱਸ ਟਰਾਂਸਪੋਰਟ ਨੂੰ ਛੱਡ ਕੇ)।’’ ਇਕ ਹੋਰ ਵਿਅਕਤੀ ਕਹਿੰਦਾ ਹੈ: ‘‘ਮੇਰੇ ਮਿੱਤਰ ਦੀ ਬੇਟੀ ਬੰਗਲੁਰੂ ਦੇ ਇੱਕ ਕੌਮਾਂਤਰੀ ਬੋਰਡ ਸਕੂਲ ‘ਚ ਦੂਸਰੀ ਜਮਾਤ ਦੀ ਵਿਦਿਆਰਥਣ ਹੈ ਤੇ ਉਸ ਦੀ ਫੀਸ ਸਾਲਾਨਾ 8 ਲੱਖ ਰੁਪਏ ਹੈ, ਜਿਸ ਵਿਚ ਖਾਣਾ ਤੇ ਟਰਾਂਸਪੋਰਟ ਸ਼ਾਮਲ ਹੈ। ਹਰੇਕ ਸਾਲ ਦਸ ਫੀਸਦੀ ਦੇ ਵਾਧੇ ਅਤੇ ਹੋਰ ਖਰਚਿਆਂ ਨੂੰ ਜੋੜ ਕੇ, ਜਦ ਉਹ ਬਾਰ੍ਹਵੀਂ ਜਮਾਤ ਵਿਚ ਪਹੁੰਚੇਗੀ ਤਾਂ ਸਾਲਾਨਾ ਫੀਸ 35 ਲੱਖ ਰੁਪਏ ਹੋਵੇਗੀ।’’

ਭਾਰਤ ਦੇ ਇਕ ਪ੍ਰਾਈਵੇਟ ਸਕੂਲ ਵਿਚ ਬੱਚੇ ਨੂੰ ਪੜ੍ਹਾਉਣ (ਤਿੰਨ ਤੋਂ 17 ਸਾਲ ਤੱਕ) ਦਾ ਔਸਤਨ ਸਮੁੱਚਾ ਖਰਚ 30 ਲੱਖ ਰੁਪਏ ਤੋਂ ਘੱਟ ਨਹੀਂ ਹੈ। ਇਸ ਨੂੰ ਜੇ ਉਚੇਰੀ ਸਿੱਖਿਆ ਦੇ ਖਰਚ ਵਿਚ ਜੋੜੀਏ ਤਾਂ ਬਹੁਤੇ ਪਰਿਵਾਰ ਬੱਚਿਆਂ ਨੂੰ ਵਧੀਆ ਤੋਂ ਵਧੀਆ ਸਿੱਖਿਆ ਦਿਵਾਉਣ ਲਈ ਆਪਣੀ ਲਗਭਗ ਉਮਰ ਭਰ ਦੀ ਪੂੰਜੀ ਖਰਚ ਦਿੰਦੇ ਹਨ। ਉਚੇਰੀ ਸਿੱਖਿਆ ਦਾ ਖਰਚ ਮਹਿੰਗਾਈ ਦੇ ਚਾਰਟ ‘ਚ ਸਭ ਤੋਂ ਉੱਤੇ ਹੈ। ਮਸਲਨ, ਚੋਟੀ ਦੇ ‘ਬੀ-ਸਕੂਲਾਂ’ (ਕਾਰੋਬਾਰੀ ਵਿਸ਼ੇ ਪੜ੍ਹਾਉਣ ਵਾਲੀਆਂ ਸੰਸਥਾਵਾਂ) ਦੀਆਂ ਫੀਸਾਂ ਵਿੱਚ ਸੰਨ 2007 ਤੋਂ ਬਾਅਦ 400 ਫੀਸਦੀ ਦਾ ਹੈਰਾਨੀਜਨਕ ਵਾਧਾ ਹੋਇਆ ਹੈ।

ਕੁਝ ਦਿਨ ਪਹਿਲਾਂ ਉੱਤਰ ਪ੍ਰਦੇਸ਼ ਦੇ ਇਕ ਮੰਤਰੀ ਨੇ ਲਖਲਊ ਦੇ ਇਕ ਪ੍ਰਾਈਵੇਟ ਹਸਪਤਾਲ ‘ਤੇ ਦੋਸ਼ ਲਾਇਆ ਕਿ ਉਸ ਦੀ ਬਿਮਾਰ ਮਾਤਾ ਨੂੰ ਚਾਰ ਦਿਨ ਦਾਖਲ ਰੱਖਣ ਲਈ 4 ਲੱਖ ਰੁਪਏ ਵਸੂਲੇ ਗਏ ਹਨ। ਭਾਰੀ ਮੈਡੀਕਲ ਬਿੱਲ ਬਣਨ ‘ਤੇ ਹੈਰਾਨ ਹੋਏ ਮੰਤਰੀ ਨੇ ਮਗਰੋਂ ਆਪਣੀ ਮਾਤਾ ਨੂੰ ਇਕ ਸਰਕਾਰੀ ਹਸਪਤਾਲ ਵਿਚ ਦਾਖਲ ਕਰਵਾਇਆ। ਇਕ ਟੀ ਵੀ ਚੈਨਲ ਨਾਲ ਗੱਲਬਾਤ ‘ਚ ਉਸ ਨੇ ਕਿਹਾ, ‘‘ਜੇ ਇਕ ਮੰਤਰੀ ਲਈ ਆਪਣੀ ਬਿਮਾਰ ਮਾਂ ਦਾ ਪ੍ਰਾਈਵੇਟ ਹਸਪਤਾਲ ਵਿਚ ਇਲਾਜ ਕਰਾਉਣਾ ਐਨਾ ਮਹਿੰਗਾ ਹੋ ਸਕਦਾ ਹੈ ਤਾਂ ਇਕ ਆਮ ਨਾਗਰਿਕ ਦੀ ਹੋਣੀ ਦੀ ਕਲਪਨਾ ਕਰ ਕੇ ਦੇਖੋ।’’ ਕੁਝ ਵੀ ਹੋਵੇ, ਇਹ ਪਤਾ ਤਾਂ ਲੱਗ ਹੀ ਚੁੱਕਾ ਹੈ ਕਿ ਸਿਹਤ ਸੰਭਾਲ ਦੀ ਵਧੀ ਲੋੜ ਜਿਸ ‘ਚ ਜੇਬ ਵਿੱਚੋਂ ਕੀਤੇ ਜਾਣ ਵਾਲੇ ਖਰਚ ਵਿੱਚ ਵੀ ਵਾਧਾ ਹੋਇਆ ਹੈ, ਉਨ੍ਹਾਂ ਕੁਝ ਵੱਡੇ ਕਾਰਨਾਂ ਵਿਚ ਸ਼ਾਮਲ ਹੈ ਜੋ ਗਰੀਬੀ ਨੂੰ ਕਾਇਮ ਰੱਖ ਰਹੇ ਹਨ। ਕੌਮੀ ਸਿਹਤ ਅਥਾਰਿਟੀ ਦਾ ਪੋਰਟਲ ਖੁਦ ਇਹ ਮੰਨਦਾ ਹੈ ਕਿ ਹਰੇਕ ਸਾਲ ਸਿਹਤ ‘ਤੇ ਵੱਧ ਰਿਹਾ ਖਰਚ ਤਕਰੀਬਨ ਛੇ ਕਰੋੜ ਭਾਰਤੀਆਂ ਨੂੰ ਗਰੀਬੀ ਵੱਲ ਧੱਕ ਰਿਹਾ ਹੈ।

ਫਿਰ ਵੀ ਮੋਹਰੀ ਅਰਥਸ਼ਾਸਤਰੀ ਹਾਲੇ ਖੁਰਾਕੀ ਵਸਤਾਂ ਦੀ ਮਹਿੰਗਾਈ ‘ਤੇ ਹੀ ਫਸੇ ਹੋਏ ਹਨ। ਖਪਤ ‘ਚ ਸ਼ਹਿਰੀ ਖੇਤਰਾਂ ਦੀ 46.48 ਫੀਸਦੀ ਹਿੱਸੇਦਾਰੀ ਤੇ ਦਿਹਾਤੀ ਇਲਾਕਿਆਂ ਦੇ 53.52 ਫੀਸਦੀ ਯੋਗਦਾਨ ਦੇ ਹਿਸਾਬ ਨਾਲ ਖੁਰਾਕੀ ਮਹਿੰਗਾਈ ਦਾ ਸੂਚਕ ਅੰਕ ਸਿਖਰ ਛੂਹ ਰਿਹਾ ਹੈ। ਇਸ ਦੀ ਤੁਲਨਾ ਵਿਚ ਦਰਸਾਇਆ ਗਿਆ ਹੈ ਕਿ ਸਿਹਤ ਖੇਤਰ ਦਾ ਬੋਝ 5.89 ਫੀਸਦੀ ਹੈ, ਜਦੋਂਕਿ ਸਿੱਖਿਆ ਦਾ 4.46 ਫੀਸਦੀ ਤੇ ਆਵਾਸ ਦਾ 10.07 ਫੀਸਦੀ ਹੈ, ਉਹ ਵੀ ਇਸ ਤੱਥ ਦੇ ਬਾਵਜੂਦ ਕਿ ਇਹ ਕਿਸੇ ਵੀ ਪਰਿਵਾਰ ‘ਤੇ ਸਭ ਤੋਂ ਵੱਡਾ ਵਿੱਤੀ ਬੋਝ ਹਨ।

ਕਿਸਾਨ ਭਾਈਚਾਰੇ ਦੀਆਂ ਕਈ ਪੀੜ੍ਹੀਆਂ ਨੂੰ ਮੈਕਰੋ/ਵਿਆਪਕ ਅਰਥਚਾਰੇ ਤੇ ਮਿਆਦ ਪੁਗਾ ਚੁੱਕੇ ਢਾਂਚੇ ਕਾਰਨ ਗਰੀਬੀ ਭੋਗਣੀ ਪਈ ਹੈ। ਵੇਤਨ ਘੱਟ ਰੱਖਣ ਲਈ ਖੁਰਾਕ ਦੀਆਂ ਕੀਮਤਾਂ ਨੂੰ ਘੱਟ ਰੱਖਿਆ ਗਿਆ। ਇਸ ‘ਚ ਬਦਲਾਅ ਦੀ ਲੋੜ ਹੈ। ਆਖਰਕਾਰ ਕਦੋਂ ਤੱਕ ਅਸੀਂ ਕਿਸਾਨੀ ਨੂੰ ਜਾਣਬੁੱਝ ਕੇ ਗਰੀਬੀ ‘ਚ ਰੱਖਾਂਗੇ? ਕਿਸਾਨਾਂ ਨੂੰ ਵੀ ਆਰਥਿਕ ਆਜ਼ਾਦੀ ਚਾਹੀਦੀ ਹੈ।


ਖੇਤੀ ਅਤੇ ਖੇਤੀ ਸਹਾਇਕ ਧੰਦਿਆਂ ਦੀ ਆਧੁਨਿਕ ਜਾਣਕਾਰੀ ਨਾਲ ਭਰਪੂਰ



ਵਿਸ਼ੇਸ਼ ਆਫਰ
ਖੇਤੀ ਦੁਨੀਆਂ
ਵਟਸਐਪ ਰਾਹੀਂ ਪ੍ਰਾਪਤ ਕਰਨ ਲਈ
ਸਾਲਾਨਾ ਚੰਦਾ
ਸਿਰਫ 100/-* ਰੁਪਏ

KHETI DUNIYAN
TID - 62763351
ਚੰਦੇ ਭਰਨ ਲਈ QR ਕੋਡ ਸਕੈਨ ਕਰੋ।

ਖੇਤੀ ਦੁਨੀਆਂ
ਵੱਲੋਂ
ਕਿਸਾਨ ਭਰਾਵਾਂ ਅਤੇ ਡੀਲਰ/ਡਿਸਟਰੀਬਿਊਟਰਾਂ ਲਈ
ਚੰਦਿਆਂ ’ਤੇ ਵਿਸ਼ੇਸ਼ ਛੂਟ
ਡਾਕ ਰਾਹੀਂ ਪ੍ਰਾਪਤ ਕਰਨ ਲਈ ਚੰਦੇ
ਇੱਕ ਸਾਲ ਲਈ 300/- ਰੁਪਏ | ਦੋ ਸਾਲ ਲਈ 500/- ਰੁਪਏ
ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।

KHETI DUNIYAN An Exclusive Agri. Weekly
ਖੇਤੀ ਦੁਨੀਆਂ
ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001
ਵਧੇਰੇ ਜਾਣਕਾਰੀ ਲਈ ’ਤੇ ਸੰਪਰਕ ਕਰੋ : ਮੋ. 90410-14575
Website : www.khetiduniyan.in
E-mail : kdpublications@yahoo.co.in

## ਪੰਜਾਬ ਦੇ ਪਿੰਡਾਂ 'ਚ ਸਾਇਕਲਾਂ ਤੇ ਹੱਥੀਂ ਕੰਮ ਕਰਨੇ ਛੱਡ ਕੇ

# ਸਮਾਜਿਕ ਟਿੱਚਰਾਂ ਤੇ ਲੋਕ ਦਿਖਾਵੇ ਦੇ ਸ਼ਿਕਾਰ ਲੋਕ ਬਣ ਰਹੇ ਮਸ਼ੀਨੀ ਯੁੱਗ 'ਚ ਅਣਫਿੱਟ ਸਰੀਰਾਂ ਦੇ ਰੋਗੀ



ਕਮਲਇੰਦਰਜੀਤ ਸਿੰਘ ਬਾਜਵਾ
ਬਲਾਕ ਟੈਕਨੋਲੋਜੀ ਮੈਨੇਜਰ,
ਖੇਤੀਬਾੜੀ ਵਿਭਾਗ, ਕਾਹਨੂੰਵਾਨ,
ਜ਼ਿਲ੍ਹਾ ਗੁਰਦਾਸਪੁਰ
ਮੋ. 98150-82401

**ਅਸੀਂ ਅੱਜ ਦੀ ਨੌਜਵਾਨ ਪੀੜ੍ਹੀ ਦੇ ਮੂੰਹੋਂ ਅਕਸਰ ਕਹਿੰਦੇ ਸੁਣਦੇ ਹਨ ਤਾਂ ਕਿ ਪਿੰਡਾਂ 'ਚ ਜਾਂ ਖੇਤੀ ਖੇਤਰ ਵਿਚ ਏਥੇ ਕੰਮ ਹੈਨੀ ਪਰ ਬਿਲਕੁਲ ਅਜਿਹਾ ਨਹੀਂ । ਬਲਕਿ ਅੱਜ ਵੀ ਜਿੰਨਾ ਕੰਮ ਪਿੰਡ ਵਿਚ ਰਹਿ ਕੇ ਪਿੰਡ ਤੋਂ ਲੈ ਕੇ ਖੇਤ ਤੱਕ ਹੈ ਰੋਜ਼ਗਾਰ ਤੇ ਤੰਦਰੁਸਤੀ ਨਾਲ ਭਰਿਆ ਪਿਆ ਹੈ, ਬਸ ਸਮਝਣ ਤੇ ਵਿਉਂਤਬੰਦੀ ਨਾਲ ਪੁਰਾਣੇ ਸਮਿਆਂ ਦੇ ਲੋਕਾਂ ਦੇ ਤੌਰ ਤਰੀਕੇ ਅਪਣਾਉਣ ਨਾਲ ਆਉਣਗੇ ।**

ਅੱਜ ਦਾ ਪੰਜਾਬ ਦੇ ਪਿੰਡਾਂ ਚ ਮੌਡਰਨ ਹੈਂਕੜਬਾਜ਼ੀ ਤੇ ਲੋਕ ਦਿਖਾਵੇ ਭਰੇ ਮਾਹੌਲ ਨਾਲ ਪੰਜਾਬ ਨਾਲ ਪੰਜਾਬ ਦੇ ਬਹੁਤ ਸਾਰੇ ਲੋਕਾਂ ਦੁਆਰਾ ਪਿੰਡਾਂ ਚ ਖੇਤੀਬਾੜੀ ਖੇਤਰ ਦੇ ਕੰਮ ਭਾਵੇਂ ਉਹ ਬਿਜਾਈ ਤੋਂ ਲੈ ਕੇ ਸਪਰੇਆਂ, ਖਾਦਾਂ ਖਲਾਰਣ, ਪੱਠੇ ਲੱਤੇ ਲਿਆਉਣ, ਏਥੋਂ ਤੱਕ ਵੱਟਾਂ ਦੇ ਨੱਕੇ ਆਦਿ ਕਹੀਆਂ, ਦਾਤਰੀ, ਰੰਬੇ ਆਦਿ ਨਾਲ ਮੋੜਨ ਦੀ ਬਜਾਏ ਐਡਜੱਸਟ ਪਾਈਪਾਂ ਆਦਿ ਤੱਕ ਦੇ ਹੋਣ ਵਾਲੇ ਸਭ ਕੰਮ ਮਸ਼ੀਨਾਂ ਤੋਂ ਲੈ ਰਹੇ ਹਾਂ, ਜਾਂ ਕਿਸਾਨ ਆਪ ਆਪਣੇ ਕੰਮ ਹੱਥੀਂ ਛੱਡ ਕੇ ਹਰ ਕੰਮ ਕਿਰਾਏ ਤੇ ਮੁੱਲ ਦੇ ਕੇ ਭੁਗਤਾਨ ਕਰਨ ਲਈ ਜਾਣਬੁੱਝ ਕੇ ਨਾ ਚਾਹੁੰਦੇ ਹੋਏ ਵੀ ਛੋਟੇ ਛੋਟੇ ਆਰਥਿਕ ਬੋਝ ਹੇਠ ਆਪ ਆਉਣ ਨਾਲ ਰੋਜ਼ਮਰ੍ਹਾ ਦੇ ਕੰਮ ਨਿਪਟਾ ਰਿਹਾ । ਵੈਸੇ ਤਾਂ ਅੱਜ ਕੱਲ੍ਹ ਦੇ ਸਿਆਣੇ ਲੋਕ ਤਾਂ ਮਰਦ ਔਰਤ ਦੀ ਸਿਹਤ ਦੇਖ ਕੇ ਹੀ ਉਸ ਦੇ ਹੱਥੀਂ ਕੰਮ ਕਰਨ ਦਾ ਜਾਇਜ਼ਾ ਲਿਆ ਜਾ ਸਕਦਾ ।



ਇਹ ਵੀ ਮਾਪਦੰਡ ਕੱਢਿਆ ਜਾ ਸਕਦਾ ਕਿ ਉਹ ਆਪਣੀ ਫਿੱਟ ਸਿਹਤ ਪ੍ਰਤੀ ਕਿੰਨਾ ਕੁ ਸੁਚੇਤ ਹੈਂ । ਉਹ ਰੋਟੀਨ 'ਚ ਕਿੰਨਾ ਗਏਕੰਮ ਕਰਦਾ ਹੋਵੇਗਾ ਤੇ ਉਸਦੇ ਇਰਦ ਗਿਰਦ ਦੀ ਸੁਸਾਇਟੀ ਕਿਹੜੀ ਹੋਵੇਗੀ ਅਤੇ ਉਸਦੇ ਸਰੀਰ ਤੋਂ ਖਾਣ ਪੀਣ ਦੀ ਵੇਸ਼ਭੂਸ਼ਾਂ ਤੱਕ ਦਿਸ ਜਾਂਦੀ ਹੈ ।

ਅਸੀਂ ਅੱਜ ਦੀ ਨੌਜਵਾਨ ਪੀੜ੍ਹੀ ਦੇ ਮੂੰਹੋਂ ਅਕਸਰ ਕਹਿੰਦੇ ਸੁਣਦੇ ਹਨ ਤਾਂ ਕਿ ਪਿੰਡਾਂ 'ਚ ਜਾਂ ਖੇਤੀ ਖੇਤਰ ਵਿਚ ਏਥੇ ਕੰਮ ਹੈਨੀ ਪਰ ਬਿਲਕੁਲ ਅਜਿਹਾ ਨਹੀਂ । ਬਲਕਿ ਅੱਜ ਵੀ ਜਿੰਨਾ ਕੰਮ ਪਿੰਡ ਵਿਚ ਰਹਿ ਕੇ ਪਿੰਡ ਤੋਂ ਲੈ ਕੇ ਖੇਤ ਤੱਕ ਹੈ ਰੋਜ਼ਗਾਰ ਤੇ ਤੰਦਰੁਸਤੀ ਨਾਲ ਭਰਿਆ ਪਿਆ ਹੈ, ਬਸ ਸਮਝਣ ਤੇ ਵਿਉਂਤਬੰਦੀ ਨਾਲ ਪੁਰਾਣੇ ਸਮਿਆਂ ਦੇ ਲੋਕਾਂ ਦੇ ਤੌਰ ਤਰੀਕੇ ਅਪਣਾਉਣ ਨਾਲ ਆਉਣਗੇ ।

ਤੰਦਰੁਸਤ ਸਿਹਤ ਤੇ ਤੰਦਰੁਸਤ ਸਮਾਜ ਦੀ ਉਸਾਰੀ ਦੀ ਗੱਲ ਕਰੀਏ ਤਾਂ ਜਿਸ ਜਾਣਬੁੱਝ ਕੇ ਛੱਡ ਬੈਠੇ ਹੱਥੀਂ ਕੰਮ ਸਦਕਾ ਜਿੱਥੇ ਉਹ ਆਪਣੀ ਰੋਜ਼ਾਨਾ ਹੁੰਦੀ ਖੇਤੀ ਦੇ ਕੰਮਾਂ ਨਾਲ ਕੁਦਰਤੀ ਤੌਰ 'ਤੇ ਵਰਜਿਸ਼ ਕਰਨ ਤੋਂ ਹੀਣਾ ਹੋਇਆ । ਉਥੇ ਸਰੀਰ ਵਿਚੋਂ ਮੁਸਾਮਾਂ ਰਾਹੀਂ ਪਸੀਨੇ ਦੇ ਰੂਪ ਵਿਚ ਨਿਕਲਣ ਵਾਲੇ ਗੰਦਾ ਲੂਣ ਵੀ ਸਰੀਰ ਵਿਚ ਰਹਿਣ ਸਦਕਾ ਹੁਣ ਬਲੱਡ ਪਰੈਸ਼ਰ, ਸਾਹ ਚੜ੍ਹਨ ਤੇ ਗੋਡਿਆਂ ਦੀ ਪੀੜਾਂ ਦਾ ਪੀੜਤ ਸੋਖਾਲਾ ਹਰ ਇਨਸਾਨ ਛੋਟੇ ਤੋਂ ਵੱਡਾ ਬਣ ਗਿਆ ਹੈ । ਆਮ ਤੰਦਰੁਸਤ ਫਸਲ ਨੂੰ ਝਾਕ ਮਾਰਨੀ ਵੀ ਮਸ਼ੀਨ ਨਾਲ ਸ਼ੁਰੂ ਕੀਤੀ ਨਾ ਕਿ ਸਾਇਕਲ ਤੇ । ਹੀਰੋ ਜੈੱਟ, ਐਟਲਸ ਸਾਇਕਲ ਦੇ ਵੀ ਨਾਮ ਹੀ ਰਹਿ ਗਏ ਬਹੁਤਿਆਂ ਨੂੰ ਇਹ ਵੀ ਨਹੀਂ ਹੋਣਾ ।

ਇਨ੍ਹਾਂ ਕੰਮਾਂ ਵਿਚ ਘਰ ਤੋਂ ਖੇਤ ਤੱਕ ਜਾਣ ਤੇ ਖੇਤ ਤੋਂ ਘਰ ਤੱਕ ਪੱਠੇ ਲੱਦ ਕੇ ਲਿਆਉਣ ਤੇ ਤੁਰ ਕੇ ਨਾਲ ਚੱਲ ਕੇ ਆਉਣ ਅਤੇ ਸੈਰ ਕਰਨ ਦਾ ਤੇ ਇਕ ਰੋੜੇ ਤੇ ਸਰੀਰ ਖੋਲ੍ਹਣ ਦਾ ਤੰਦਰੁਸਤ ਮੁੱਢਲਾ ਸਾਧਨ ਸੀ, ਫਿੱਟ ਸਰੀਰਾਂ ਦਾ ਸਾਇਕਲ ਚਲਾਉਣਾ । ਜੋ ਪਤਾ ਨਹੀਂ ਕਿਹੜੀ ਅਣਜਾਣੀ ਸ਼ਰਮ ਜਾਂ ਫੋਕੀ ਸ਼ੋਹਰਤ ਨਾਲ ਛੱਡ ਬੈਠੇ ਹਾਂ । ਹੋਰ ਤਾਂ ਹੋਰ ਜੋਰ ਅਜ਼ਮਾਈ ਦਾ ਕੰਮ ਕਰਦਿਆਂ ਹੰਕਾਰ ਵੀ ਟੁੱਟਿਆ ਰਹਿੰਦਾ ਸੀ ਤੇ ਇਨਸਾਨ ਥੱਕਿਆ ਟੁੱਟਿਆ ਆਪਣੇ ਕੰਮ ਤੱਕ ਰਹਿੰਦਾ ਸੀ ਨਾ ਕਿ ਜਲਦ ਮਸ਼ੀਨੀ ਯੁੱਗ ਵਿਚ ਵਿਹਲੇ ਹੋ ਕੇ ਮਨ ਸ਼ੈਤਾਨ ਦਾ ਰੂਪ ਵੀ ਲੈਂਦੇ ਤੇ ਦੂਜੇ ਦੇ ਕੰਮ 'ਚ ਦਖਲ ਅੰਦਾਜ਼ੀ ਕਰਦਾ ਹੈ ।

ਵੱਡੇ ਜ਼ਿਮੀਂਦਾਰਾਂ ਨੂੰ ਤਾਂ ਭਲਾ ਕਹਿ ਸਕਦੇ ਹਾਂ ਕਿ ਜ਼ਿਆਦਾ 5-7 ਕਿਲੇ ਤੋਂ ਵਧੇਰੇ ਜ਼ਮੀਨ ਤੇ ਜ਼ਿਆਦਾ ਪਸ਼ੂਆਂ ਕਰਕੇ ਮਸ਼ੀਨ ਦੀ ਵਰਤੋਂ ਜ਼ਰੂਰੀ ਹੈ । ਅੱਜ ਉਸੇ ਵੱਡੇ ਦੇਖ ਕੇ ਤਕਰੀਬਨ ਸਾਰੇ ਹੀ ਮੋਟਰਸਾਈਕਲ ਤੇ ਪੱਠੇ ਲੈਣ ਤੋਂ ਮੋਟਰ ਤੇ ਖੇਤ ਦੇਖਣ ਤੱਕ, ਰਹਿੰਦੇ ਖੂੰਹਦੇ ਪਸ਼ੂ ਰੇਹੜਿਆਂ ਨੂੰ ਖੁੰਝੇ ਲਗਾ ਕੇ ਮੋਟਰਸਾਈਕਲ ਕੱਟ ਕੇ ਬਣਾਏ ਜੁਗਾੜੂ ਰੇੜੀਆਂ ਆ ਗਈਆਂ । ਜਿਸ ਨਾਲ ਪਸ਼ੂ ਦਾ ਕੰਮ ਕਰਨ ਦੀ ਸਮਰੱਥਾ ਖਤਮ ਹੋਈ ਤੇ ਪਸ਼ੂ ਇਕ ਥਾਂ ਤੇ ਖਲੋ ਕੇ ਭੋਜਨ ਪਚਾਉਣ ਵਾਲਾ ਬਣ ਗਿਆ ਤੇ ਏਹੀ ਇਨਸਾਨ ਨਾਲ ਹੋਇਆ ਜੋ ਰੇਹੜੇ ਤੇ ਦੌੜ ਕੇ ਪੱਠੇ ਲੱਦਦਾ ਸੀ ਤੇ ਨਾਲ ਹੀ ਪਸ਼ੂ ਦੇ ਦੋਸਤ ਬਣ ਗੱਲਾਂ ਕਰਦਾ ਦੋਨੋਂ ਸਰੀਰਕ ਮਾਨਸਿਕ ਵਾਧੇ ਦਾ ਸੰਕੇਤ ਬਣ ਕੁਦਰਤੀ ਸੋਮਿਆਂ ਨਾਲ ਜੁੜੇ ਰਹਿੰਦੇ ਸਨ ।

ਛੋਟੇ ਤੇ ਸਸਤੇ ਪਤਨ ਦੀ ਗੱਲ ਕਰੀਏ ਤਾਂ ਬਦਲਦੇ ਯੁੱਗ ਤੇ ਗੁਲਾਮ ਮਸ਼ੀਨੀ ਜ਼ਿੰਦਗੀ ਨੇ ਹੱਥੀਂ ਕੰਮ ਕਰਨ ਦੇ ਪਿੰਡਾਂ 'ਚ ਵਿਹਲੇ ਕੰਮ ਤੋਂ ਹੀਣੇ ਲੋਕਾਂ ਵੱਲੋਂ ਬੋਲਦੇ ਸੱਥਾਂ ਗਲੀਆਂ ਵਿਚ ਹਾਸੋਹੀਣੀ ਕੁਮੈਂਟਾਂ ਨਾਲ ਸਭ ਮਿਹਨਤਕਸ਼ ਲੋਕਾਂ ਨੂੰ ਸਮਝ ਪੱਖੋਂ ਲੈ ਬੈਠੀ । ਅੱਜ ਦੇ ਸਮੇਂ ਸਾਡੇ ਵੱਲੋਂ ਵਧਾਏ ਫਜ਼ੂਲ ਖਰਚ ਤੇ ਹੱਥੀਂ ਛੱਡੀ ਕਿਰਤ ਤੇ ਬੱਚੇ ਪੈਦਾ ਕਰਨ ਲਈ ਡਾਕਟਰੀ ਟੀਮਾਂ ਵੱਲ ਭੱਜਣਾ ਕਿਤੇ ਨਾ ਕਿਤੇ ਸਾਨੂੰ ਪੁਰਾਣੇ ਸਮਿਆਂ ਦੀ ਸੇਧ ਪਹਿਲਾਂ ਬਜ਼ੁਰਗਾਂ ਦੇ ਹੁੰਦੇ 5 ਤੋਂ 7 ਤੰਦਰੁਸਤ ਬੱਚਿਆਂ ਤੇ ਉਹ ਵੀ ਸਾਂਝੇ ਪਰਿਵਾਰ ਵਿਚ ਰਹਿੰਦੇ ਹੋਏ ਨੂੰ ਸਮਝਣ ਦੀ ਲੋੜ ਹੈ ।

ਵੱਡਾ ਛੋਟੇ ਨੂੰ ਤੇ ਛੋਟਾ ਵੱਡੇ ਨੂੰ ਬੱਸ ਢਹਿੰਦੀ ਕਲਾ ਪਿੰਡਾਂ 'ਚ ਜ਼ਿੰਦਾਬਾਦ ਹੋਈ । ਆਖੇ ਤਾਇਆ ਕੀ ਗੱਲ ਸਾਇਕਲ ਚਲਾਉਣ ਦਿਆਂ, ਬਥੇਰੇ ਸਾਧਨ ਨੇ ਤੁਹਾਡੇ ਘਰ ਸਾਰੇ ਪੈਸੇ ਨਾ ਲੈ ਜਾਣੇਂ ਉੱਪਰ । ਦੂਜਾ ਛੋਟਾ ਨੌਜਵਾਨ ਵਰਗ ਵੀ ਅਜਿਹੀ ਗੱਲਾਂ ਦਾ ਹੀ ਸ਼ਿਕਾਰ ਹੋਇਆ, ਆਖੇ ਭਾਪਾ ਪੱਠੇ ਵੀ ਮੋਟਰਸਾਈਕਲ ਤੇ ਲਿਆਊਂ, ਤੇ ਨਾਲੇ ਬੰਬੀ ਦਾ ਬੀੜਾ ਵੀ ਦੱਬਣ ਮੋਟਰਸਾਈਕਲ ਤੇ ਜਾ ਕੇ ਦੱਬ ਕੇ ਆਊਂ ਨਹੀਂ ਤਾਂ ਮੈਂ ਨਹੀਂ ਕਰਦਾ ਕੰਮ । ਆਖੇਂ ਸਾਰੇ ਮੋਟਰਸਾਈਕਲ ਤੇ ਟਰੈਕਟਰਾਂ ਤੇ ਜਾਂਦੇ ਨੇ । ਹਾਲਾਂਕਿ ਕਿ ਤੰਦਰੁਸਤ ਸਿਹਤ ਤੇ ਫਜ਼ੂਲ ਖਰਚ ਤੇ ਆਪਣੇ ਘਰ ਦੇ ਕੰਮ ਹੋਣ ਬਾਰੇ ਸੋਚ ਤਕਰੀਬਨ ਖਤਮ । ਆਲੇ ਦੁਆਲੇ ਦੇ ਪਿੰਡਾਂ 'ਚ ਸਾਇਕਲਾਂ ਨਾਲ ਜਾਣ ਤੋਂ ਇਲਾਵਾ ਲੋਕ 8-10 ਕਿਲੋਮੀਟਰ ਦੂਰ ਸਹੁਰੇ ਪੇਕੇ ਵੀ ਸਾਇਕਲ ਚਲਾ ਕੇ ਮਿਲ ਆਉਂਦੇ ਸਨ ।

ਇਨ੍ਹਾਂ ਗੱਲਾਂ ਨਾਲ ਤੰਦਰੁਸਤ ਸਿਹਤ ਦਾ ਰਾਜ਼ ਏਥੇ ਹੀ ਕਹੇ ਸੁਣੇ ਤਾਨਿਆਂ ਨਾਲ ਖਤਮ ਹੋ ਜਾਂਦਾ । ਉਹ ਵੀ ਬਿਨਾਂ ਸੋਚੇ ਸਮਝੇ ਵਿਚਾਰੇ । ਉਲਟਾ ਮੁਫਤ ਹੁੰਦੇ ਕੰਮ ਵੀ ਮੁੱਲ ਵਿਚ ਪਾਏ ਗਏ । ਕੇਵਲ ਦੇਖਾ ਦੇਖੀ ਇਕ ਦੂਜੇ ਵੱਲ ਦੇਖ ਚੱਲ ਕੇ ਹੋਰ ਕੋਈ ਪੱਖ ਨਹੀਂ । ਉਹ ਇਹ ਨਹੀਂ ਸੋਚਦੇ ਕਿ ਤੁਹਾਡੇ ਦੇਸ਼ ਦੇ ਨਾਲੋਂ ਡੇਢ ਦੋ ਸੌ ਸਾਲ ਅੱਗੇ ਚੱਲਦੇ ਵੈਸਟਰਨ ਦੇਸ਼ ਅਮਰੀਕਾ ਇੰਗਲੈਂਡ ਤੇ ਅੱਜ ਵੀ ਪੜ੍ਹੇ ਲਿਖੇ ਤੇ ਕੰਮਕਾਜ ਤੇ ਖਰੀਦੋ ਫਿਰੋਕਤ ਤੱਕ ਬਹੁਤ ਲੋਕ ਸ਼ਹਿਰਾਂ ਵਿਚ ਬਹੁਤ ਸਾਰੇ ਕੰਮ ਆਪ ਸਾਈਕਲ ਚਲਾਉਣ ਤੇ ਕਰਦੇ ਹਨ ਤੇ ਆਪਣੇ ਲੋਕਾਂ ਇਹ ਸੋਚਣਾ ਚਾਹੀਦਾ ਹੈ ਕਿ ਅਸੀਂ ਕਿੱਥੇ ਬੈਠੇ ਹਾਂ ਕਿਹੜੀ ਸੋਚ ਅਖਤਿਆਰ ਕਰੀਂ ਬੈਠੇ ਹਾਂ ਉਹ ਵੀ ਕਿਹੜੇ ਯੁੱਗ ਵਿਚ । ਗੱਲਾਂ ਸੋਸ਼ਲ ਮੀਡੀਆ ਤੇ ਵਿਦੇਸ਼ਾਂ ਦੀਆਂ ਪਰ ਲੋਕ ਦਿਖਾਵੇ ਤੋਂ ਬਾਹਰ ਹਾਲੇ ਵੀ ਨਹੀਂ ਨਿਕਲ ਪਾ ਰਹੇ । ਖੈਰ ਕਦੋਂ ਨਿਕਲਾਂਗੇ ਵੀ ਜਾਂ ਨਹੀਂ ਕਿਤੇ ਉਨ੍ਹੀ ਦੇਰ ਪੰਜਾਬ ਸਾਰਾ ਵਿਦੇਸ਼ਾਂ ਵਿਚ ਨਾ ਜਾ ਵੱਸੇ



। ਕਿਤੇ ਸਾਡਿਆਂ ਦੀ ਥਾਂ ਆਏ ਪੂਰਬੀ ਭਈਆਂ ਨੂੰ ਦੇਖ ਕਿਤੇ ਅਕਲਾਂ ਨੂੰ ਹੱਥ ਮਾਰ ਸੇਧਾਂ ਲਈਏ ।

ਇਸ ਲੇਖ ਦੁਆਰਾ ਤੁਹਾਨੂੰ ਬਹੁਤ ਸਾਰੇ ਇਰਦ ਗਿਰਦ ਦੇ ਰੋਜ਼ਗਾਰ ਦੇ ਪਹਿਲੂਆਂ ਅਤੇ ਤੰਦਰੁਸਤ ਸਿਹਤ ਤੇ ਤੰਦਰੁਸਤ ਸਮਾਜ ਦੇ ਰਾਹ ਜ਼ਰੂਰ ਦਿਖਾਏਗਾ, ਬੱਸ ਗੱਲ ਸਾਡੇ ਤੇ ਏਸ ਰਸਤੇ ਤੇ ਦੁਬਾਰਾ ਚੱਲਣ ਦੀ ਹੈ । ਇਸ ਲੇਖ ਦਾ ਨਿਚੋੜ ਜ਼ਰੂਰ ਕੱਢਿਓ ਕਿ ਅਸੀਂ ਇਸ ਕੰਮਾਂ ਨਾਲ ਮੌਡਰਨ ਹੋਏ ਜਾਂ ਪਹਿਲਾਂ ਨਾਲੋਂ ਵੀ ਹੋਰ ਪੱਛੜ ਗਏ । ਫੈਸਲਾ ਤੁਹਾਡੇ ਹੱਥ ।

ਦੂਜੇ ਪਾਸੇ ਮਰਦਾ ਦੇ ਨਾਲ ਨਾਲ ਪਿੰਡਾਂ ਦੀ ਬਹੁਤੀ ਸਵਾਈਆਂ ਵੀ ਹੱਥੀਂ ਕੰਮ ਛੱਡ ਬੈਠੀਆਂ । ਏਥੋਂ ਤੱਕ ਹੀ ਨਹੀਂ ਗੱਲ ਸਿਮਟੀ ਤੰਦਰੁਸਤ ਸਿਹਤ ਦੀ ਗੱਲ ਕਰੀਏ ਤਾਂ ਪਿੰਡਾਂ 'ਚ ਵਸਤੀਆਂ ਸਾਡੀਆਂ ਔਰਤ ਵਰਗ ਵੀ ਅਣਫਿੱਟਤਾਂ ਤੇ ਮੋਟਾਪੇ ਦਾ ਲੋਕ ਦਿਖਾਵੇ ਤੇ ਹਾਸੋਹੀਣੀ ਕੁਮੈਂਟਾਂ ਦੇ ਸ਼ਿਕਾਰ ਹੋਈਆਂ । ਖਾਸਕਰ ਆਪਣੇ ਹੀ ਸਮਾਜ ਤੋਂ ਆਪਣੇ ਹੀ ਸਮਾਜ ਵਿਚ । ਜਿਥੇ ਮਰਦ ਵਰਗ ਦੀ ਆਖਾਂ ਖੁੱਲ੍ਹ ਕੇ ਗੱਲ ਕੀਤੀ ਉੱਥੇ ਸਾਡੇ ਖੇਤ ਦੀਆਂ ਸਵਾਣੀਆਂ ਵੀ ਖੇਤ ਦੇ ਬਹੁਤੇ ਕੰਮ ਜੋ ਘਰ ਤੋਂ ਲੈ ਕੇ ਖੇਤ ਤੱਕ ਕੰਮ ਕਰਨ ਵਾਲੇ ਸਨ ਉਹ ਧੀ ਜਾਂ ਔਰਤ ਖੇਤ 'ਚ ਕੰਮ ਕਰਦੇ ਵਿਅਕਤੀ ਨੂੰ ਸੈਰ ਸਪਾਟੇ ਨਾਲ ਰੋਟੀ ਫੜਾਉਣ ਜਾਣ ਦਾ ਕੰਮ ਵੀ ਆਈਆਂ ਘਰਾਂ ਵਿਚ ਮਸ਼ੀਨੀ ਸਕੂਟੀਆਂ ਨੇ ਖਤਮ ਕਰਤਾ ।

ਇਥੇ ਵੀ ਇਹੋ ਗੱਲਾਂ ਉਹੀ ਨੈਗੇਟਿਵ ਸੋਚ ਦੇ ਧਾਰਨੀ ਸਮਾਜ ਵਿਚ ਚੱਲਦੀ ਬਿਰਤੀ ਨੇ ਕੰਨ ਭਰਨ ਵਾਲੀਆਂ ਨੇ ਖਰਾਬ ਕਰਤਾ । ਆਖੇ ਛੱਡ ਭੈਣਾ ਪਹਿਲਾਂ ਬੁੜੀਆਂ ਵਰਗੀਆਂ ਥੋੜਾਂ ਆਪਾਂ, ਐਵੇਂ ਪੈਸੇ ਘੁੱਟੀ ਜਾਣੇਂ ਨੇ ਖਰਚਣ ਲਈ ਤਾਂ ਬਣੇ ਨੇ । ਆਪਾਂ ਸਹਿੰਦੇ ਲੋਕਾਂ ਵਿਚੋਂ ਹਾਂ ਚੰਗੇ ਪਹਿਰਾਵੇ ਹਨ ਨਾਲੇ ਕੀ ਲੋੜ ਹੈ ਲਿਬੜਨ ਦੀ । ਨਾਲੇ ਆਪਾਂ ਨੂੰ ਆਖੇ ਕੰਮ ਕਰਨ ਨੂੰ ਘਰ ਬੈਠਿਆਂ ਮਿਲ ਤਾਂ ਸਾਰੀ ਸਹੂਲਤ ਜਾਂਦੀ । ਉਹੀ ਫਲਾਣੀ ਦੁੱਧ ਚੋਅ ਜਾਂਦੀ , ਉਹੀ ਲੀਰਾਂ ਪੋਚੇ ਬੈਠ ਲਗਾ ਜਾਂਦੀ, ਆਖੇ ਏਨਾਂ ਤੋਂ ਕੰਮ ਕੁੜ੍ਹੇ ਕਦੋਂ ਲੈਣਾ । ਪਹਿਲੀ ਗੱਲ ਤਾਂ ਇਹ ਕਿ ਬਹੁਤੀਆਂ ਔਰਤਾਂ ਕੋਲ ਹੇਠਾਂ ਬੈਠ ਨਹੀਂ ਹੁੰਦਾ ਤੇ ਰਹਿੰਦੀਆਂ ਖੂੰਹਦੀਆਂ ਵੀ ਭੁੰਜੇ ਬੈਠ ਪੋਚੇ ਲਗਾਉਣ ਤੱਕ ਛੱਡੀ ਬੈਠੀਆਂ ਹਨ । ਉਹਨਾਂ ਦੀ ਜਗ੍ਹਾ ਸਟੈਂਡਿੰਗ ਪੋਚੇ ਆ ਗਏ । ਭਾਵੇਂ ਹੁਣ ਮਰਦ ਵੀ ਖਲੋਤੇ ਖਲੋਤੇ ਲਗਾ ਲੈਣ ।

ਬੱਸ ਏਸੇ ਸੂਝਵਾਨ ਸੋਚ ਦਾ ਸਾਡੇ ਪਿੰਡ ਵਿਚ ਬੈਠੇ ਔਰਤ ਤੇ ਮਰਦ ਅਤੇ ਨੌਜਵਾਨ ਸਭ ਵਰਗ ਸ਼ਿਕਾਰ ਹੋਈ ਬੈਠਾ । ਹੁਣ ਤਾਂ ਲੱਗਦਾ ਰੱਬ ਹੀ ਐਂ ਜੋ ਥੱਲੇ ਆ ਕੇ ਏਨਾਂ ਨੂੰ ਪਹਿਲੇ ਪੁਰਾਣੇ ਸਮਿਆਂ ਦੇ ਲੋਕਾਂ ਵਾਂਗ ਚੱਲਣ ਤੇ ਬੈਠਣ, ਫਤਹਿ ਦੀ ਸਾਂਝ ਪਾਉਣ ਅਤੇ ਪਹਿਲੇ ਸਮਾਜ ਦੇ ਵਿਦਵਾਨਾਂ ਬੁੱਧੀਜੀਵੀਆਂ ਵਾਂਗ ਹੱਡੀ ਪਸੀਨਾ ਕੱਢ ਕੇ ਖੁਦ ਕੰਮ ਕਰਨ ਤੇ ਆਪ ਖਰਚ ਘਟਾਉਣ ਤੇ ਸਿਆਣਾ ਬਣ ਕੇ ਚੱਲਣ ਨੂੰ ਸਮਝਾਵੇਗਾ । ਨਹੀਂ ਤਾਂ ਪਿੰਡਾਂ 'ਚ ਵੜ੍ਹਿਆ ਲੋਕ ਦਿਖਾਵੇ ਤੇ ਸ਼ਹਿਰੀਕਰਨ, ਠਾਠ ਤੇ ਵਿਹਲੇ ਰਹਿਣ ਵਾਲਾਪਨ, ਸਾਨੂੰ ਸਭਨਾਂ ਨੂੰ ਬਿਮਾਰੀਆਂ ਦੀ ਲੱਤ ਲਗਾ ਕੇ ਜ਼ਰੂਰ ਜਾਊ ।

....ਚੱਲਦਾ

# ਕਾਮਯਾਬ ਡੇਅਰੀ ਫਾਰਮਿੰਗ ਦੀ ਨਵੇਕਲੀ ਪਛਾਣ - ਰੂਪ ਬਸੰਤ ਦੀ ਜੋੜੀ

ਆਓ ਹੁਣ ਗੱਲ ਕਰਦੇ ਹਾਂ ਇਕ ਵਿਲੱਖਣ ਕਿਸਾਨ ਦੇ ਡੇਅਰੀ ਯੂਨਿਟ ਬਾਰੇ ਜੋ ਕਿ ਪਿੰਡ ਤੁੰਗਵਾਲੀ ਦੇ ਦੋ ਸਕੇ ਭਰਾ ਰੂਪ ਸਿੰਘ ਅਤੇ ਬਸੰਤ ਸਿੰਘ ਦੀ ਜੋੜੀ ਵੱਲੋਂ, ਤਕਰੀਬਨ 6 ਸਾਲ ਪਹਿਲਾਂ ਕੇ. ਵੀ. ਕੇ. ਬਠਿੰਡਾ ਤੋਂ ਟ੍ਰੇਨਿੰਗ ਲੈਣ ਉਪਰੰਤ ਤਿੰਨ ਗਾਵਾਂ ਨਾਲ ਸ਼ੁਰੂ ਕੀਤਾ ਗਿਆ ਸੀ । ਇਹ ਧੰਦਾ ਦਿਨ-ਰਾਤ ਵਧੇ ਨਾਲ ਅੱਜ 28 ਪਸ਼ੂਆਂ ਤੱਕ ਪਹੁੰਚ ਚੁੱਕਾ ਹੈ ਜਿਸ ਵਿਚ 18-20 ਦੁੱਧ ਦੇਣ ਵਾਲੇ ਪਸ਼ੂ ਹਨ। ਰੋਜ਼ਾਨਾ 2 ਤੋਂ 3 ਕੁਇੰਟਲ ਦੁੱਧ ਦੀ ਪੈਦਾਵਾਰ ਕਰਕੇ ਇਹ ਜੋੜੀ ਆਪਣੇ ਦੁੱਧ ਦਾ ਮੰਡੀਕਰਨ ਬਠਿੰਡਾ ਸ਼ਹਿਰ ਵਿਚ ਕਰ ਰਹੀ ਹੈ । ਇਕ ਭਰਾ ਫਾਰਮ ਅਤੇ ਇਕ ਸ਼ਹਿਰ ਵਿਚ ਦੁੱਧ ਦੇ ਮੰਡੀਕਰਨ ਦੀ ਦੇਖ-ਰੇਖ ਕਰਦਾ ਹੈ । ਇਸ ਪਰਿਵਾਰ ਕੋਲ ਆਪਣੀ ਜੱਦੀ ਜ਼ਮੀਨ ਸਿਰਫ ਚਾਰ ਏਕੜ ਹੈ ਅਤੇ 30 ਏਕੜ ਜ਼ਮੀਨ ਠੇਕੇ ਉੱਪਰ ਲੈ ਕੇ ਖੇਤੀ ਕਰਦੇ ਹਨ ।

ਇਹਨਾਂ ਦੇ ਦੁੱਧ ਦੇ ਮੰਡੀਕਰਨ ਲਈ ਬਠਿੰਡਾ ਸ਼ਹਿਰ ਦੀ ਚੋਣ ਇਸ ਕਰਕੇ ਕੀਤੀ ਸੀ, ਕਿ ਸ਼ਹਿਰ ਵਿਚ ਦੁੱਧ ਦਾ ਰੇਟ ਬਹੁਤ ਵਧੀਆ ਹੈ । ਅੱਜ ਵੀ ਇਹ ਗਾਂ ਦਾ ਦੁੱਧ 55/- ਰੁਪਏ ਪ੍ਰਤੀ ਲੀਟਰ ਅਤੇ ਮੱਝ ਦਾ ਦੁੱਧ 65/- ਰੁਪਏ ਪ੍ਰਤੀ ਲੀਟਰ ਵੇਚ ਰਹੇ ਹਨ । ਇਹ ਰੇਟ ਪਿੰਡ ਦੇ ਰੇਟ ਤੋਂ ਕਾਫੀ ਜ਼ਿਆਦਾ ਹੈ ਅਤੇ ਸ਼ਹਿਰ ਵਿਚ ਪੈਸਾ ਨਗਦ ਅਤੇ ਅਡਵਾਂਸ ਵਿਚ ਪ੍ਰਾਪਤ ਹੁੰਦਾ ਹੈ । ਗਾਹਕਾਂ ਦੀ ਲੋੜ ਮੁਤਾਬਕ ਦੁੱਧ ਪਦਾਰਥ ਜਿਵੇਂ ਕਿ ਘਿਓ, ਮੱਖਣ, ਖੋਆ, ਪਨੀਰ, ਦਹੀਂ, ਕਰੀਮ ਆਦਿ ਪੈਦਾ ਕਰਦੇ ਹਨ ਅਤੇ ਗਰਮੀ ਦੇ ਦਿਨਾਂ ਵਿਚ ਆਈਸਕ੍ਰੀਮ ਤਿਆਰ ਕਰਕੇ ਵੇਚਣ ਵਿਚ ਕਾਫੀ ਮੁਹਾਰਤ ਰੱਖਦੇ ਹਨ ।

ਇਹ ਪਸ਼ੂ ਖੁਰਾਕ ਘਰੇਲੂ ਪੱਧਰ ਤੇ ਤਿਆਰ ਕਰਦੇ ਹਨ, ਕਿਉਂਕਿ ਬਜ਼ਾਰੀ ਖੁਰਾਕ ਮਹਿੰਗੀ ਅਤੇ ਮਾੜੀ ਕੁਆਲਟੀ ਦੀ ਹੋਣ ਕਰਕੇ ਪਸ਼ੂ ਖਰਾਬ ਹੁੰਦੇ ਹਨ । ਇਹ ਬਹੁਤ ਸਾਰੀਆਂ ਉਪਜਾਂ ਅਤੇ ਸਹਿ ਉਪਜਾਂ ਆਪਣੇ ਖੇਤਾਂ ਵਿਚ ਪੈਦਾ ਕਰਕੇ ਬਜ਼ਾਰ ਨਾਲੋਂ ਸਸਤੀ ਅਤੇ ਸੰਤੁਲਿਤ ਖੁਰਾਕ ਤਿਆਰ ਕਰਦੇ ਹਨ । ਇਹ ਆਪਣੀ ਘਰੇਲੂ ਮੱਕੀ ਤੋਂ ਸਾਈਲੇਜ ਵੀ ਬਣਾਉਂਦੇ ਹਨ ਜੋ ਕਿ ਬਹੁਤ ਵਧੀਆ ਪਸ਼ੂ ਖੁਰਾਕ ਹੈ । ਸਾਇਲੇਜ ਦੀ ਵਰਤੋਂ ਨਾਲ ਸਸਤਾ ਦੁੱਧ ਪੈਦਾ ਹੁੰਦਾ ਹੈ । ਇਹ ਲੋੜ ਪੈਣ ਤੇ ਤੂੜੀ/ਪਰਾਲੀ ਦੀ ਯੂਰੀਆ ਨਾਲ ਸੋਧ ਕਰਕੇ ਵੀ ਵਰਤੋਂ ਵਿਚ ਲਿਆਉਂਦੇ ਹਨ ਇਹ ਬਹੁਤ ਸਾਰੀਆਂ ਬਿਮਾਰੀਆਂ ਅਤੇ ਦਵਾਈਆਂ ਦਾ ਗਿਆਨ ਰੱਖਦੇ ਹਨ । ਜੋ ਕਿ ਲੋੜ ਪੈਣ ਤੇ ਪਸ਼ੂ ਟੀਕਾਕਰਨ, ਵੈਕਸੀਨੇਸ਼ਨ, ਮਲਪ ਰਹਿਤ ਆਦਿ ਕਰਨ ਵਿਚ ਸਹਾਈ ਸਿੱਧ ਹੁੰਦਾ ਹੈ । ਇਹਨਾਂ ਪਿੰਡਾਂ ਦੇ ਨਾਲ ਲੱਗਦੇ ਪਿੰਡਾਂ ਵਿਚ ਵੀ ਚੰਗੇ ਡੇਅਰੀ ਯੂਨਿਟ ਸਥਾਪਤ ਕਰਵਾਏ ਹਨ ਜੋ ਲੋੜ ਪੈਣ ਤੇ ਉਹਨਾਂ ਤੋਂ ਸਮਰੱਥਾ ਮੁਤਾਬਕ ਦੁੱਧ ਦੀ ਖਰੀਦ ਕਰਦੇ ਹਨ ।

ਅਗਾਊਂ ਸਮੇਂ ਦੀ ਵਿਉਂਤਬੰਦੀ ਮੁਤਾਬਕ ਇਹਨਾਂ ਆਪਣਾ ਨਵਾਂ ਹਾਈਟੈਕ ਅਤੇ ਮਾਡਰਨ ਡੇਅਰੀ ਯੂਨਿਟ ਜੋ ਕਿ 100 ਗਾਵਾਂ ਦੀ ਸਮਰੱਥਾ ਰੱਖਦਾ ਹੈ ਪਿੰਡ ਤੁੰਗਵਾਲੀ ਵਿਚ ਸਥਾਪਤ ਕਰ ਲਿਆ ਹੈ । ਜਿਸ ਨਾਲ ਇਹਨਾਂ ਦੀ ਝੋਲੀ ਵਿਚ ਵੱਧ ਮੁਨਾਫਾ ਪੈਣ ਦੀ ਉਮੀਦ ਕੀਤੀ ਜਾ ਸਕਦੀ ਹੈ । ਉਮੀਦ ਹੈ ਕਿ ਪਾਠਕ ਇਸ ਜੋੜੀ ਦੀ ਮਿਹਨਤ ਅਤੇ ਲਗਨ ਨਾਲ ਕੀਤੇ ਕੰਮ ਤੋਂ ਪ੍ਰਭਾਵਿਤ ਹੋਣਗੇ । ਜੋ ਵੀ ਕਿਸਾਨ ਵੀਰ/ਭੈਣ ਕੋਈ ਵੀ ਸਹਾਇਕ ਧੰਦਾ ਕਰਨ ਦੀ ਇੱਛਾ ਰੱਖਦਾ ਹੈ ਉਹਨਾਂ ਨੂੰ ਕ੍ਰਿਸ਼ੀ ਵਿਗਿਆਨ ਕੇਂਦਰ ਨਾਲ ਤਾਲਮੇਲ ਕਰਕੇ ਕਿੱਤਾ ਮੁੱਖੀ ਸਿਖਲਾਈ ਕੋਰਸ ਕਰਨ ਉਪਰੰਤ ਹੀ ਅਜਿਹੇ ਕੰਮ ਵਿਚ ਆਉਣਾ ਚਾਹੀਦਾ ਹੈ । ਸਾਨੂੰ ਭਰੋਸਾ ਹੈ ਕਿ ਵੱਧ ਤੋਂ ਵੱਧ ਪਾਠਕ ਡੇਅਰੀ ਧੰਦੇ ਨਾਲ ਜੁੜ ਕੇ ਚੰਗੇ ਡੇਅਰੀ ਯੂਨਿਟ ਸਥਾਪਤ ਕਰਨਗੇ । ਇਹ ਧੰਦੇ ਰੋਜ਼ਾਨਾ ਦੇ ਖਰਚੇ ਦੀ ਪੂਰਤੀ, ਹਰ ਘਰ ਰੋਜ਼ਗਾਰ, ਆਮਦਨ ਦੀ ਵਡੇਰੀ ਅਤੇ ਪਿੰਡ / ਸ਼ਹਿਰ ਪੱਧਰ ਤੇ ਤੁਹਾਡੀ ਵਿਲੱਖਣਤਾ ਨੂੰ ਦਰਸਾਉਂਦੇ ਹਨ ।

ਅਜੀਤਪਾਲ ਸਿੰਘ ਧਾਲੀਵਾਲ, ਗੁਰਦੀਪ ਸਿੰਘ ਅਤੇ ਸਰਵਪ੍ਰਿਆ ਸਿੰਘ,
ਕ੍ਰਿਸ਼ੀ ਵਿਗਿਆਨ ਕੇਂਦਰ, ਬਠਿੰਡਾ, ਮੋਬਾਇਲ : 98142-49159

# ਕਿਸਾਨ ਵੀਰਾਂ ਲਈ ਖੇਤੀ ਰੁਝੇਵੇਂ

**ਕਮਾਦ** : ਫਸਲ ਦੇ ਚੰਗੇਰੇ ਝਾੜ ਲਈ 7 ਤੋਂ 12 ਦਿਨਾਂ ਦੇ ਵਕਫੇ ਤੇ ਪਾਣੀ ਦਿੰਦੇ ਰਹੋ । ਡੀਲਾ/ਮੋਥਾ ਦੀ



ਰੋਕਥਾਮ ਲਈ 2, 4-ਡੀ ਸੋਡੀਅਮ ਸਾਲਟ 80 ਪ੍ਰਤੀਸ਼ਤ 800 ਗ੍ਰਾਮ ਨੂੰ 200 ਲਿਟਰ ਪਾਣੀ ਵਿਚ ਮਿਲਾ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤਣ ਦੀ ਸਿਫਾਰਸ਼ ਕੀਤੀ ਜਾਂਦੀ ਹੈ । ਖਾਦਾਂ ਪਾਉਣ ਤੋਂ ਬਾਅਦ ਖੇਤ ਨੂੰ ਪਾਣੀ ਦੇ ਦਿਓ । ਪਾਣੀ ਦੀ ਬੱਚਤ ਲਈ ਗੰਨੇ ਦੀਆਂ ਲਾਈਨਾਂ ਵਿਚਕਾਰ 20-25 ਕੁਇੰਟਲ ਪ੍ਰਤੀ ਏਕੜ ਦੇ ਹਿਸਾਬ ਨਾਲ ਝੋਨੇ ਦੀ ਪਰਾਲੀ ਜਾਂ ਗੰਨੇ ਦੀ ਪੱਤੀ ਵਿਛਾ ਦੇਵੋ । ਜੇਕਰ ਫਸਲ ਲਾਲ ਸੜਨ ਜਾਂ ਮੁਰਝਾਈ ਨਾਲ ਬੁਰੀ ਤਰ੍ਹਾਂ ਪ੍ਰਭਾਵਿਤ ਹੁੰਦੀ ਹੈ ਤਾਂ ਉਸ ਨੂੰ ਰੇਟੂਨ ਨਾ ਕਰੋ ।

**ਤੇਲ ਬੀਜ (ਫਸਲ ਪੱਕਣ ਦਾ ਸਮਾਂ)** : ਚੇਪੇ ਦੇ ਹਮਲੇ ਤੋਂ ਬਚਾਉਣ ਲਈ 40 ਗ੍ਰਾਮ ਐਕਟਾਰਾ 25 ਤਾਕਤ ਜਾਂ 400 ਮਿਲੀਲਿਟਰ ਰੋਗਰ 30 ਤਾਕਤ ਜਾਂ 600 ਮਿਲੀਲਿਟਰ ਡਰਸਬਾਨ/ਕੋਰੋਬਾਨ 20 ਤਾਕਤ ਨੂੰ 80-125 ਲਿਟਰ ਪਾਣੀ ਵਿਚ ਪਾ ਕੇ ਪ੍ਰਤੀ ਏਕੜ ਦੇ ਹਿਸਾਬ ਛਿੜਕਾਅ ਕਰੋ । ਰੋਗਰ ਸੁਰੰਗੀ ਕੀੜੇ ਦੀ ਰੋਕਥਾਮ ਵੀ ਕਰੇਗੀ ।

**ਨਰਮਾ/ਕਪਾਹ** : 15 ਮਈ ਤੱਕ ਨਰਮੇ ਤੇ ਕਪਾਹ ਦੀਆਂ ਸਿਫਾਰਸ਼ ਕੀਤੀਆਂ ਕਿਸਮਾਂ ਜਾਂ ਬੀ ਟੀ ਨਰਮੇ ਦੀਆਂ ਕਿਸਮਾਂ ਜਾਂ ਦੋਗਲੀਆਂ ਕਿਸਮਾਂ ਦੀ ਬਿਜਾਈ ਮੁਕੰਮਲ ਕਰ ਦਿਉ । ਕਪਾਹ-ਨਰਮੇ ਦੀ ਫਸਲ ਵਿਚ ਨਾਗੇ ਭਰਨ ਲਈ ਲਿਫਾਫਿਆਂ ਵਿਚ ਬੀਜ ਲਗਾਓ । ਵਧੀਆ ਜਮਾਅ ਲਈ ਚੰਗੇ ਪਾਣੀ ਨਾਲ ਭਰਵੀਂ ਰੌਣੀ ਕਰੋ ।

**ਹਰੇ ਚਾਰੇ** : ਅਗੇਤੇ ਚਾਰੇ ਦੀ ਬਿਜਾਈ ਦਾ ਇਹ ਢੁੱਕਵਾਂ ਸਮਾਂ ਹੈ । ਇਨ੍ਹਾਂ ਚਾਰਿਆਂ ਵਿੱਚੋਂ ਮੱਕੀ, ਚਰੀ, ਬਾਜਰਾ, ਗਿੰਨੀ ਘਾਹ ਅਤੇ ਨੇਪੀਅਰ ਬਾਜਰਾ ਆਉਂਦੇ ਹਨ ਜੋ ਕਿ ਹਰੇ ਚਾਰੇ ਦੀ ਕਮੀ ਵਾਲੇ ਸਮੇਂ ਚੰਗੀ ਕਵਾਲਿਟੀ ਦਾ ਹਰਾ ਚਾਰਾ ਦਿੰਦੇ ਹਨ ।

**ਮੂੰਗਫਲੀ** : ਸੇਂਜੂ ਹਾਲਤਾਂ ਵਿਚ ਮੂੰਗਫਲੀ ਦੀ ਕਿਸਮ ਜੇ 87 ਜਾਂ ਐੱਸ ਜੀ-99 ਜਾਂ ਐੱਮ-522 ਇਸ ਮਹੀਨੇ ਦੇ ਅਖੀਰ ਤੱਕ ਬੀਜ ਦਿਓ ।

**ਅਰਹਰ** : ਅਰਹਰ ਮਈ ਦੇ ਦੂਸਰੇ ਪੰਦਰ੍ਹਵਾੜੇ ਵਿਚ ਬੀਜ ਦਿਓ ਤਾਂ ਜੋ ਇਸ



ਦਾ ਵਧੇਰੇ ਝਾੜ ਲਿਆ ਜਾ ਸਕੇ । 6 ਕਿਲੋ ਬੀਜ ਪ੍ਰਤੀ ਏਕੜ ਨੂੰ 50×25 ਸੈਂਟੀਮੀਟਰ ਫਾਸਲੇ ਉੱਪਰ ਬੀਜੋ । ਦਰਮਿਆਨੀਆਂ ਅਤੇ ਭਾਰੀਆਂ ਜ਼ਮੀਨਾਂ ਵਿਚ ਅਰਹਰ ਦੀ ਬਿਜਾਈ ਕਣਕ ਲਈ ਵਰਤੇ ਜਾਂਦੇ ਬੈੱਡ ਪਲਾਂਟਰ ਨਾਲ ਬੈੱਡਾਂ ਸਫਲਤਾ ਪੂਰਵਕ ਕੀਤੀ ਜਾ ਸਕਦੀ ਹੈ । ਬੈੱਡਾਂ ਉੱਤੇ ਬਿਜਾਈ ਕਰਨ ਨਾਲ ਪਾਣੀ ਦੀ ਬੱਚਤ ਹੁੰਦੀ ਹੈ ਅਤੇ ਭਾਰੀ ਮੀਂਹ ਤੋਂ ਹੋਣ ਵਾਲੇ ਨੁਕਸਾਨ ਤੋਂ ਵੀ ਫਸਲ ਬਚਦੀ ਹੈ ।

**ਸੂਰਜਮੁਖੀ** : ਇਸ ਮਹੀਨੇ ਗਰਮੀ ਕਾਫੀ ਹੋ ਜਾਂਦੀ ਹੈ । ਸੂਰਜਮੁਖੀ ਦੇ



ਚੰਗੇਰੇ ਵਾਧੇ ਲਈ 8-10 ਦਿਨਾਂ ਬਾਅਦ ਪਾਣੀ ਦਿੰਦੇ ਰਹੋ । ਫੁੱਲਾਂ ਤੇ ਆਈ ਫਸਲ ਨੂੰ ਅਤੇ ਉਸ ਤੋਂ ਪਿੱਛੋਂ ਪਾਣੀ ਦੀ ਘਾਟ ਨਹੀਂ ਆਉਣੀ ਚਾਹੀਦੀ ।

**ਬਾਗਬਾਨੀ** : ਗਰਮੀ ਵਧਣ ਨਾਲ ਫਲਾਂ ਦਾ ਕੇਰਾ ਵਧ ਸਕਦਾ ਹੈ । ਆੜੂ ਅਤੇ ਅਲੂਚੇ ਦੇ ਬਾਗਾਂ ਵਿਚ ਲਗਾਤਾਰ ਸਿੱਲ੍ਹ ਬਣਾਈ ਰੱਖੋ । ਅੰਬ, ਲੀਚੀ, ਨਾਸ਼ਪਾਤੀ ਅਤੇ ਨਿੰਬੂ ਜਾਤੀ ਦੇ ਫਲਾਂ ਨੂੰ ਲਗਾਤਾਰ ਹਲਕੀਆਂ ਸਿੰਚਾਈਆਂ ਕਰਦੇ ਰਹੋ । ਨਵੇਂ ਲਗਾਏ ਬੂਟਿਆਂ ਦੇ ਜੜ੍ਹ-ਮੁੱਢ ਵਾਲੇ ਭਾਗ ਤੇ ਆਏ ਫੁਟਾਰੇ ਨੂੰ ਲਗਾਤਾਰ ਤੋੜਦੇ ਰਹੋ । ਅੰਬਾਂ ਦੇ ਬੂਟਿਆਂ ਨੂੰ ਚਿੱਟੋਂ ਰੋਗ ਤੋਂ ਬਚਾਉਣ ਲਈ 1.0 ਮਿ.ਲਿ. ਕੰਟਾਫ ਪ੍ਰਤੀ ਲਿਟਰ ਪਾਣੀ ਦੇ ਹਿਸਾਬ ਨਾਲ ਛਿੜਕੋ । ਫਲਦਾਰ ਬੂਟਿਆਂ ਨੂੰ ਸਿਫਾਰਸ਼ਾਂ ਮੁਤਾਬਿਕ ਰਸਾਇਣਕ ਖਾਦਾਂ ਦੀ ਦੂਜੀ ਕਿਸ਼ਤ ਪਾ ਦਿਓ ਅਤੇ ਨਾਸ਼ਪਾਤੀ ਦੇ ਬਾਗਾਂ ਵਿਚ ਖਾਦਾਂ ਪਾਉਣ ਤੋਂ ਬਾਅਦ ਝੋਨੇ ਦੀ ਪਰਾਲੀ ਨਾਲ ਮਲਚਿੰਗ (10 ਸੈਂਟੀਮੀਟਰ ਮੋਟੀ ਤਹਿ) ਕਰੋ ।

**ਸਬਜ਼ੀਆਂ** : ਟਮਾਟਰ, ਬੈਂਗਣ, ਮਿਰਚ, ਸ਼ਿਮਲਾ ਮਿਰਚ ਅਤੇ ਵੇਲਾਂ ਵਾਲੀਆਂ ਸਬਜ਼ੀਆਂ ਨੂੰ ਪਾਣੀ ਸਹੀ ਅੰਤਰਾਲ ਤੇ ਦਿਓ ਅਤੇ ਲੋੜ ਤੋਂ ਵੱਧ ਪਾਣੀ ਨਾ ਲਾਓ । ਤੁੜਾਈ ਸਮੇਂ ਬੂਟਿਆਂ ਦਾ ਧਿਆਨ ਰੱਖੋ ਤਾਂ ਜੋ ਇਹਨਾਂ ਨੂੰ ਨੁਕਸਾਨ ਨਾ ਪਹੁੰਚੇ । ਬੈਂਗਣ, ਮਿਰਚ, ਸ਼ਿਮਲਾ ਮਿਰਚ ਅਤੇ ਕੱਦੂ ਜਾਤੀ ਦੀਆਂ ਸਬਜ਼ੀਆਂ ਦੀ ਤੁੜਾਈ ਸਮੇਂ-ਸਮੇਂ ਤੇ ਕਰਦੇ ਰਹੋ । ਮਾਰਚ ਵਿਚ ਬੀਜੀ ਗਈ ਸਉਣੀ ਦੇ ਗੰਢਿਆਂ ਦੀ ਪਨੀਰੀ ਦੀ ਚੰਗੀ ਤਰ੍ਹਾਂ ਦੇਖਭਾਲ ਕਰੋ ਅਤੇ 5-7 ਦਿਨਾਂ ਦੇ ਵਕਫੇ ਤੇ ਪਾਣੀ ਦਿੰਦੇ ਰਹੋ ।

**ਪਸ਼ੂ ਪਾਲਣ** : ਪਸ਼ੂਆਂ ਨੂੰ ਰੋਜ਼ਾਨਾ ਖੁਰਾਕ ਵਿੱਚ 40-50 ਗ੍ਰਾਮ ਧਾਤਾਂ ਦਾ ਚੂਰਾ (ਮਿਨਰਲ ਮਿਕਸਚਰ) ਜ਼ਰੂਰ ਦਿਓ । ਇਹ ਧਾਤਾਂ ਦਾ ਚੂਰਾ ਵੰਡ ਵਿਚ ਮਿਲਾ ਕੇ ਵੀ ਦਿੱਤਾ ਜਾ ਸਕਦਾ ਹੈ । ਮਿਨਰਲ ਮਿਕਸਚਰ ਨਾਲ ਪਸ਼ੂਆਂ ਦੀ ਰੋਗ ਪ੍ਰਤੀਰੋਧਕ ਸਮਤਾ ਵੱਧਦੀ ਹੈ ਅਤੇ ਦੁੱਧ ਦੀ ਜ਼ਿਆਦਾ ਪੈਦਾ ਹੁੰਦਾ ਹੈ । ਇਸ ਵਿਚ ਮੌਜੂਦ ਵੱਡੇ ਤੱਤ ਜਿਵੇਂ ਕੈਲਸ਼ੀਅਮ, ਫਾਸਫੋਰਸ ਆਦਿ ਅਤੇ ਲਘੂ ਤੱਤ ਜਿਵੇਂ ਤਾਂਬਾ, ਕੋਬਾਲਟ ਆਦਿ ਪਸ਼ੂ ਦੀ ਸਿਹਤ ਬਰਕਰਾਰ ਰੱਖਦੇ ਹਨ । ਬਰਿਸ਼ ਦੇ ਮੌਸਮ ਵਿਚ ਪਸ਼ੂਆਂ ਦੇ ਸ਼ੈੱਡ ਸੁੱਕੇ ਅਤੇ ਸਾਫ ਹੋਣੇ ਬਹੁਤ ਜ਼ਰੂਰੀ ਹਨ ਤਾਂ ਜੋ ਉਨ੍ਹਾਂ ਨੂੰ ਮੱਖੀਆਂ ਅਤੇ ਮੱਛਰਾਂ ਤੋਂ ਬਚਾਇਆ ਜਾ ਸਕੇ ।

## ਜ਼ਮੀਨੀ ਪਾਣੀ ਬਚਾਉਣ ਲਈ ਘੱਟ ਸਮਾਂ ਲੈਣ ਵਾਲੀਆਂ ਝੋਨੇ ਦੀਆਂ ਕਿਸਮਾਂ ਦੀ ਖੇਤੀ ਕਰਨ ਕਿਸਾਨ

ਪੰਜਾਬ ਵਿੱਚ ਤੇਜ਼ੀ ਨਾਲ ਡਿੱਗ ਰਹੇ ਜ਼ਮੀਨੀ ਪਾਣੀ ਦੇ ਪੱਧਰ ਪਿੱਛੇ ਕਾਰਨ ਝੋਨੇ ਦੀ ਫਸਲ ਨੂੰ ਅਹਿਮ ਮੰਨਿਆ ਜਾ ਰਿਹਾ ਹੈ । ਇਹੋ ਕਾਰਨ ਹੈ ਕਿ ਪੀ. ਏ. ਯੂ. ਲਗਾਤਾਰ ਕਿਸਾਨਾਂ ਨੂੰ ਜਾਗਰੂਕ ਕਰ ਰਿਹਾ ਹੈ ਕਿ ਉਹ ਜ਼ਿਆਦਾ ਸਮਾਂ ਲੈਣ ਵਾਲੀਆਂ ਝੋਨੇ ਦੀਆਂ ਕਿਸਮਾਂ ਦਾ ਖੇਤਾਂ ਵਿੱਚ ਉਪਯੋਗ ਨਾ ਕਰਕੇ ਘੱਟ ਸਮਾਂ ਲੈਣ



ਵਾਲੀਆਂ ਕਿਸਮਾਂ ਦੀ ਵਰਤੋਂ ਕਰਨ । ਇਸ ਨਾਲ ਉਨ੍ਹਾਂ ਨੂੰ ਦੂਹਰਾ ਲਾਭ ਹੋਵੇਗਾ । ਇਸ ਦੇ ਨਾਲ ਹੀ ਪਾਣੀ ਦੀ ਖਪਤ ਘੱਟ ਹੋਣ ਨਾਲ ਜ਼ਮੀਨੀ ਪਾਣੀ ਦਾ ਪੱਧਰ ਵੀ ਨਹੀਂ ਡਿੱਗੇਗਾ । ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਨੇ ਕਿਸਾਨਾਂ ਤੋਂ ਘੱਟ ਅਤੇ ਮੱਧਮ ਝੋਨੇ ਦੀਆਂ ਕਿਸਮਾਂ ਦੀ ਖੇਤੀ ਕਰਨ ਦੀ ਅਪੀਲ ਕੀਤੀ ਹੈ ।

ਵਿਭਾਗੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਕਿਸਾਨ ਪੀ. ਏ. ਯੂ. ਦੀਆਂ ਕਿਸਮਾਂ ਜਿਵੇਂ ਕਿ ਪੀ. ਆਰ.-130, ਪੀ. ਆਰ.-131, ਪੀ. ਆਰ.-114, ਪੀ. ਆਰ.-128, ਪੀ. ਆਰ.-121 ਅਤੇ ਪੀ. ਆਰ.-126 ਦੀ ਖੇਤੀ ਨੂੰ ਪਹਿਲ ਦੇਣ । ਇਸ ਦੇ ਉਲਟ ਜੇਕਰ ਕਿਸਾਨ ਜ਼ਿਆਦਾ ਸਮਾ ਲੈਣ ਵਾਲੀਆਂ ਕਿਸਮਾਂ ਜਿਵੇਂ ਪੂਸਾ-44 ਦੀ ਖੇਤੀ ਕਰਦੇ ਹਨ, ਤਾਂ ਪਾਣੀ ਦੀ ਖਪਤ ਜ਼ਿਆਦਾ ਹੋਵੇਗੀ । ਉੱਥੇ ਹੀ, ਕਿਸਾਨਾਂ ਨੂੰ ਖਰਚ ਵੀ ਜ਼ਿਆਦਾ ਕਰਨਾ ਪਵੇਗਾ । ਕਿਉਂਕਿ ਪੂਸਾ-44 ਕਿਸਮ ਪੱਕਣ ਵਿੱਚ ਜ਼ਿਆਦਾ ਸਮਾਂ ਲੈਂਦੀ ਹੈ, ਜਿਸ ਨਾਲ ਫ਼ਸਲ 'ਤੇ ਪਲਾਂਟ ਹੋਪਰ ਦੇ ਹਮਲੇ ਦੀ ਸੰਭਾਵਨਾ ਵੀ ਬਣੀ ਰਹਿੰਦੀ ਹੈ । ਇਸ ਕਿਸਮ 'ਤੇ ਉੱਲੀ-ਨਾਸ਼ਕ ਦਾ ਛਿੜਕਾਅ ਵੀ ਬਹੁਤ ਹੁੰਦਾ ਹੈ । ਕਿਉਂਕਿ ਇਸ ਨੂੰ ਉੱਲੀ ਰੋਗ ਜਿਵੇਂ ਸ਼ੀਥ ਬਲਾਈਟ ਦਾ ਹਮਲਾ ਜ਼ਿਆਦਾ ਹੁੰਦਾ ਹੈ । ਕਿਸਾਨਾਂ ਨੂੰ ਅਜਿਹੀਆਂ ਕਿਸਮਾਂ ਦੀ ਖੇਤੀ ਕਰਨੀ ਚਾਹੀਦੀ ਹੈ, ਜਿਸ ਨਾਲ ਜ਼ਮੀਨੀ ਪਾਣੀ ਦੇ ਡਿੱਗ ਰਹੇ ਪਧਰ ਨੂੰ ਬਚਾਇਆ ਜਾ ਸਕੇ ।

**ਡਿੱਗ ਰਹੇ ਜ਼ਮੀਨੀ ਪਾਣੀ ਨੂੰ ਬਚਾਉਣ ਲਈ ਕਿਸਾਨ ਇਹ ਕਦਮ ਚੁੱਕਣ**

★ 15 ਜੂਨ ਤੋਂ ਬਾਅਦ ਝੋਨਾ ਲਗਾਉਣ ਨਾਲ ਪਾਣੀ ਵਿੱਚ ਗਿਰਾਵਟ ਨਾ-ਮਾਤਰ ਹੀ ਰਹਿ ਜਾਂਦੀ ਹੈ । ਇਸ ਲਈ ਝੋਨੇ ਦੀ ਬਿਜਾਈ 15 ਜੂਨ ਤੋਂ ਬਾਅਦ ਹੀ ਕਰਨੀ ਚਾਹੀਦੀ ਹੈ ।

★ ਝੋਨੇ ਦੀ ਸਿੱਧੀ ਬਿਜਾਈ ਜੂਨ ਮਹੀਨੇ ਵਿੱਚ ਕਰਨ ਨਾਲ 20 ਫੀਸਦੀ ਤੱਕ ਪਾਣੀ ਦੀ ਬੱਚਤ ਹੋ ਸਕਦੀ ਹੈ ।

★ ਬਿਨਾਂ ਕੱਦੂ ਕੀਤੇ ਵੱਟਾਂ/ਬੈਡਾਂ 'ਤੇ ਝੋਨਾ ਲਗਾ ਕੇ ਘੱਟੋ-ਘੱਟ 25 ਪਾਣੀ ਦੀ ਬੱਚਤ ਕੀਤੀ ਜਾ ਸਕਦੀ ਹੈ ।

★ ਝੋਨਾ ਲਗਾਉਣ ਤੋਂ ਪਹਿਲਾਂ ਖੇਤ ਨੂੰ ਲੇਜ਼ਰ ਕਰਾਹੇ ਨਾਲ ਸਮਤਲ ਕਰਕੇ ਇੱਕੋ ਜਿਹਾ ਪਾਣੀ ਲਗਾਉਣ ਨਾਲ ਬੱਚਤ ਹੁੰਦੀ ਹੈ ।

★ ਪਡਲਰ ਜਾਂ ਸਵਾਇਲ ਪਲਵੇਰਾਈਜ਼ਿੰਗ ਰੋਲਰ ਦੀ ਵਰਤੋਂ ਨਾਲ ਕੱਦੂ ਕੀਤੇ ਖੇਤ ਵਿੱਚ ਝੋਨਾ ਲਗਾਉਣ ਨਾਲ 20-25 ਫੀਸਦੀ ਪਾਣੀ ਦੀ ਬੱਚਤ ਹੁੰਦੀ ਹੈ ।

★ ਪਨੀਰੀ ਖੇਤ ਵਿੱਚ ਪਹਿਲੇ 15 ਦਿਨਾਂ ਲਈ ਹੀ ਪਾਣੀ ਦੀ ਜ਼ਰੂਰਤ ਹੈ ।

★ ਝੋਨੇ ਦੀ ਕਟਾਈ ਤੋਂ 15 ਦਿਨਾਂ ਪਹਿਲਾਂ ਪਾਣੀ ਲਗਾਉਣਾ ਬੰਦ ਕਰ ਦੇਣਾ ਚਾਹੀਦਾ ਹੈ ।

★ ਝੋਨੇ ਦੀ ਜਗ੍ਹਾ ਵਿਕਲਪਿਕ ਘੱਟ ਪਾਣੀ ਲੈਣ ਵਾਲੀਆਂ ਫ਼ਸਲਾਂ ਜਿਵੇਂ ਕਿ ਮੱਕੀ, ਨਰਮਾ, ਮੂੰਗਫਲੀ ਦੀ ਬਿਜਾਈ ਕਰਨੀ ਚਾਹੀਦੀ ਹੈ ।

★ ਘਰ ਲਈ ਥੋੜ੍ਹਾ-ਥੋੜ੍ਹਾ ਰਕਬਾ ਦਾਲਾਂ, ਸਬਜ਼ੀਆਂ, ਫਲ, ਗੰਨਾ ਅਤੇ ਤੇਲ ਬੀਜ ਵੀ ਲਗਾਉਣਾ ਚਾਹੀਦਾ ਹੈ ।

★ ਅਪ੍ਰੈਲ ਤੋਂ ਜੂਨ ਤੱਕ ਖੁੱਲ੍ਹੀਆਂ ਕਤਾਰਾਂ ਵਿੱਚ ਬੀਜੀਆਂ ਜਾਣ ਵਾਲੀਆਂ ਫ਼ਸਲਾਂ ਜਿਵੇਂ ਗੰਨਾ, ਕਪਾਹ, ਸੂਰਜਮੁਖੀ ਅਤੇ ਬਹਾਰ ਰੁੱਤ ਮੱਕੀ ਨੂੰ ਲਗਾ ਕੇ 25 ਪ੍ਰਤੀਸ਼ਤ ਪਾਣੀ ਦੀ ਖਪਤ ਨੂੰ ਘਟਾਇਆ ਜਾ ਸਕਦਾ ਹੈ ।

RNI/42269/83





# ਸਫਲ ਕਿਸਾਨ

# ਰਵਿੰਦਰ ਸਿੰਘ ਥਿੰਦ

ਪੰਜਾਬ ਦੀ ਧਰਤੀ ਮਿਹਨਤਕਸ਼ ਕਿਸਾਨਾਂ ਦੇ ਪਸੀਨੇ ਨਾਲ ਸਿੰਜ ਕੇ ਹਰੀ ਭਰੀ ਹੁੰਦੀ ਹੈ। ਇੱਥੋਂ ਦੇ ਕਿਸਾਨ ਖੇਤੀਬਾੜੀ ਨੂੰ ਆਪਣਾ ਧਰਮ ਮੰਨਦੇ ਹਨ । ਆਪਣੀ ਮਿਹਨਤ ਅਤੇ ਲਗਨ ਸਦਕਾ ਪੰਜਾਬ ਦੇ ਕਿਸਾਨਾਂ ਨੇ ਪੂਰੀ ਦੁਨੀਆਂ ਵਿਚ ਆਪਣਾ ਇਕ ਵਿਸ਼ੇਸ਼ ਸਥਾਨ ਬਣਾਇਆ ਹੈ । ਅਜਿਹਾ ਹੀ ਇਕ ਕਿਸਾਨ ਹੈ ਪਿੰਡ-ਹੇੜੀਕੇ, ਬਲਾਕ-ਸ਼ੇਰਪੁਰ, ਜ਼ਿਲ੍ਹਾ-ਸੰਗਰੂਰ ਦਾ ਇੱਕ ਨੌਜਵਾਨ ਕਿਸਾਨ ਰਵਿੰਦਰ ਸਿੰਘ ਥਿੰਦ । ਮਾਤਾ ਸ਼੍ਰੀਮਤੀ ਅਮਰਜੀਤ ਕੌਰ ਅਤੇ ਪਿਤਾ ਸ. ਜਸਵੀਰ ਸਿੰਘ ਦਾ ਸਪੁੱਤਰ, ਭੈਣ ਸੰਦੀਪ ਕੌਰ ਅਤੇ ਖੋਮਿੰਦਰ ਸਿੰਘ ਦਾ ਭਰਾ ਰਵਿੰਦਰ ਸਿੰਘ ਥਿੰਦ ਆਪਣੀ ਕੁਲ 15 ਏਕੜ ਜ਼ਮੀਨ ਤੇ ਪੂਰੀ ਕਾਮਯਾਬੀ ਨਾਲ ਸਫਲ ਖੇਤੀ ਕਰਦਾ ਹੈ। ਰਵਿੰਦਰ ਸਿੰਘ ਥਿੰਦ ਮੁੱਖ ਤੌਰ ਤੇ ਕਣਕ, ਝੋਨਾ, ਕਮਾਦ, ਛੋਲੇ, ਮੂੰਗੀ, ਮਸਰ, ਹਲਦੀ ਆਦਿ ਦੀ ਕਾਸ਼ਤ ਕਰਦਾ ਹੈ। ਕਣਕ ਅਤੇ ਝੋਨੇ ਦਾ ਬੀਜ ਉਤਪਾਦਨ ਰਵਿੰਦਰ ਸਿੰਘ ਥਿੰਦ ਦਾ ਮੁੱਖ ਕਿੱਤਾ ਹੈ । ਰਵਿੰਦਰ ਸਿੰਘ ਥਿੰਦ ਇਹਨਾਂ ਫਸਲਾਂ ਨੂੰ ਅਨਾਜ ਦੇ ਤੌਰ ਤੇ ਬਿਲਕੁਲ ਨਹੀਂ ਵੇਚਦਾ ਸਗੋਂ ਬੀਜ ਉਤਪਾਦਨ ਕਰਕੇ ਹੀ ਵੇਚਣ ਨੂੰ ਪਹਿਲ ਦਿੰਦਾ ਹੈ। ਰਵਿੰਦਰ ਸਿੰਘ ਥਿੰਦ ਝੋਨੇ ਅਤੇ ਬਾਸਮਤੀ ਦੀਆਂ ਲਗਭਗ ਸਾਰੀਆਂ ਹੀ ਪ੍ਰਮਾਣਿਤ ਕਿਸਮਾਂ ਦਾ ਬੀਜ ਉਤਪਾਦਨ ਕਰਦਾ ਹੈ ਇਸੇ ਤਰ੍ਹਾਂ ਹੀ ਕਣਕ ਦੀਆਂ ਵੀ ਪ੍ਰਮਾਣਿਤ ਕਿਸਮਾਂ ਦਾ ਬੀਜ ਉਤਪਾਦਨ ਕਰਕੇ ਕਿਸਾਨਾਂ ਨੂੰ ਮੁਹੱਈਆ ਕਰਵਾਉਂਦਾ ਹੈ। ਪੰਜਾਬ ਰਾਜ ਬੀਜ ਪ੍ਰਮਾਣਨ ਸੰਸਥਾ ਪੰਜਾਬ ਅਤੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਵਲੋਂ ਰਵਿੰਦਰ ਸਿੰਘ ਥਿੰਦ ਨੂੰ ਆਪਣੇ ਖੇਤਾਂ ਵਿਚ ਫਸਲਾਂ ਦਾ ਬੀਜ ਉਤਪਾਦਨ ਕਰਨ ਲਈ ਮਨਜ਼ੂਰੀ ਮਿਲੀ ਹੋਈ ਹੈ। ਰਵਿੰਦਰ ਸਿੰਘ ਥਿੰਦ ਕਣਕ ਦੀਆਂ ਮੁੱਖ ਕਿਸਮਾਂ ਜਿਵੇਂ ਡੀ.ਬੀ. ਡਬਲਯੂ. 303, 327, 332, 370 371, 372 ਅਤੇ ਪੀ. ਬੀ. ਡਬਲਯੂ. 826, ਐੱਚ.ਡੀ. 3385, 3386, 3406, 2967 ਦਾ ਬੀਜ ਉਤਪਾਦਨ ਕਰਦਾ ਹੈ । ਬਾਸਮਤੀ ਦੀਆਂ ਪ੍ਰਮਾਣਿਤ ਕਿਸਮਾਂ ਜਿਵੇਂ ਪੀ. ਬੀ. ਪੂਸਾ 1847, 1885 ਆਦਿ ਕਿਸਮਾਂ ਦਾ ਬੀਜ ਉਤਪਾਦਨ ਕਰਦਾ ਹੈ। ਕਣਕ ਝੋਨੇ ਤੋਂ ਇਲਾਵਾ ਰਵਿੰਦਰ ਸਿੰਘ ਥਿੰਦ ਕਮਾਦ ਦੀ ਕਾਸ਼ਤ ਵੀ ਕਰਦਾ ਹੈ ਅਤੇ ਗੰਨੇ ਦੀ ਵਧੇਰੇ ਵਰਤੋਂ ਘਰ ਵਰਤਣ ਲਈ ਗੁੜ ਸ਼ੱਕਰ ਬਣਾਉਣ ਲਈ ਕਰਦਾ ਹੈ। ਹਲਦੀ ਨੂੰ ਕੱਚੀ ਵੀ ਵੇਚ ਦਿੰਦਾ ਹੈ ਅਤੇ ਪ੍ਰਸੈੱਸਿੰਗ ਕਰਕੇ ਵੀ ਵੇਚ ਲੈਂਦਾ ਹੈ। ਰਵਿੰਦਰ ਸਿੰਘ ਥਿੰਦ ਆਪਣੇ ਖੇਤਾਂ ਵਿਚ ਮੂੰਗੀ ਦੀ ਕਾਸ਼ਤ ਵੀ ਬੜੀ ਕਾਮਯਾਬੀ ਨਾਲ ਕਰਦਾ ਹੈ। ਆਪਣੇ ਸਾਰੇ ਪੈਦਾ ਕੀਤੇ ਬੀਜ ਰਵਿੰਦਰ ਸਿੰਘ ਥਿੰਦ ਸਿੱਧਾ ਕਿਸਾਨਾਂ ਨੂੰ ਮੁਹੱਈਆ ਕਰਵਾਉਂਦਾ ਹੈ। ਆਪਣੇ ਫਾਰਮ ਤੇ ਕੁੱਝ ਫਲਦਾਰ ਰੁੱਖ ਵੀ ਲਗਾਏ ਹੋਏ ਹਨ ਜਿਵੇਂ ਅੰਬ, ਅਮਰੂਦ, ਕਿੰਨੂ, ਲੀਚੀ, ਨਿੰਬੂ ਆਦਿ। ਇਸ ਤੋਂ ਇਲਾਵਾ ਰਵਿੰਦਰ ਸਿੰਘ ਥਿੰਦ ਆਪਣੀ ਘਰੇਲੂ ਵਰਤੋਂ ਲਈ ਸਾਰੀਆਂ ਮੌਸਮੀ ਸਬਜ਼ੀਆਂ (ਸਰਦੀਆਂ ਅਤੇ ਗਰਮੀਆਂ) ਅਤੇ ਸਟ੍ਰਾਬੇਰੀ ਦੀ ਕਾਸ਼ਤ ਵੀ ਕਰਦਾ ਹੈ । ਰਵਿੰਦਰ ਸਿੰਘ ਥਿੰਦ ਸਰ੍ਹੋਂ ਦੀ ਕਾਸ਼ਤ ਵੀ ਕਰਦਾ ਹੈ ਅਤੇ ਸਿੱਧੀ ਸਰ੍ਹੋਂ ਵੀ ਵੇਚਦਾ ਹੈ। ਅਤੇ ਉਸਦਾ ਤੇਲ ਕੱਢਵਾ ਕੇ ਵੀ ਵੇਚਦਾ ਹੈ। ਫਸਲਾਂ ਦੀ ਸਿੰਚਾਈ ਲਈ ਰਵਿੰਦਰ ਸਿੰਘ ਥਿੰਦ ਨਹਿਰੀ ਪਾਣੀ ਨੂੰ ਹੀ ਤਰਜੀਹ ਦਿੰਦਾ ਹੈ ਅਤੇ ਲੋੜ ਪੈਣ ਤੇ ਹੀ ਟਿਊਬਵੈੱਲ ਦੀ ਵਰਤੋਂ ਕਰਦਾ ਹੈ। ਝੋਨੇ ਦੀ ਸਾਰੀ ਪਰਾਲੀ ਦੀਆਂ ਗੰਢਾਂ ਬਣਾ ਕੇ ਵੇਚਦਾ ਹੈ ਅਤੇ ਵਾਧੂ ਆਮਦਨ ਹਾਸਲ ਕਰਦਾ ਹੈ। ਰਵਿੰਦਰ ਸਿੰਘ ਥਿੰਦ ਨੇ ਆਪਣੇ ਖੇਤਾਂ ਨੂੰ ਕੰਪਿਊਟਰ ਕਰਾਹੇ ਨਾਲ ਪੱਧਰ ਕਰਵਾਇਆ ਹੋਇਆ ਹੈ ਜਿਸ ਨਾਲ ਉਸਦੇ ਧਰਤੀ ਹੇਠਲੇ ਪਾਣੀ ਦੀ ਸੁਚੱਜੀ ਵਰਤੋਂ ਅਤੇ ਸੰਭਾਲ ਕਰਦਾ ਹੈ। ਰਵਿੰਦਰ ਸਿੰਘ ਥਿੰਦ ਦੀ ਖੇਤੀ ਪਿਤਾ ਪੁਰਖੀ ਖੇਤੀ ਹੈ ਅਤੇ ਜੋ ਖੇਤੀ ਦੇ ਗੁਰ ਉਸਨੇ ਆਪਣੇ ਪਿਤਾ ਤੋਂ ਸਿੱਖੇ ਉਹੀ ਅਜਕਲ ਉਹ ਆਪਣੇ ਖੇਤਾਂ ਵਿਚ ਲਾਗੂ ਕਰ ਰਿਹਾ ਹੈ। ਕਣਕ ਅਤੇ ਝੋਨੇ ਦੇ ਬੀਜ ਦੀ ਪੈਕਿੰਗ ਕਰਕੇ ਸਿੱਧਾ ਹੋਰ ਦੂਜੇ ਕਿਸਾਨਾਂ ਨੂੰ ਵੇਚਦਾ ਹੈ । ਸਮੇਂ ਸਮੇਂ ਰਵਿੰਦਰ ਸਿੰਘ ਥਿੰਦ ਨੂੰ ਵਧੀਆ ਅਤੇ ਵਿਗਿਆਨਕ ਖੇਤੀ ਕਰਕੇ ਕਈ ਪਿੰਡ ਪੱਧਰੀ, ਜ਼ਿਲਾ ਪੱਧਰੀ, ਰਾਜ ਪੱਧਰੀ ਸਨਮਾਨ ਵੀ ਮਿਲ ਚੁੱਕੇ ਹਨ । ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਵੱਲੋਂ ਲਗਾਏ ਜਾਂਦੇ ਕਿਸਾਨ ਮੇਲਿਆਂ ਵਿਚ ਵੀ ਅਨੇਕਾਂ ਵਾਰ ਰਵਿੰਦਰ ਸਿੰਘ ਥਿੰਦ ਸ਼ਿਰਕਤ ਕਰ ਚੁੱਕਾ ਹੈ । ਰਵਿੰਦਰ ਸਿੰਘ ਥਿੰਦ ਦਾ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਕ੍ਰਿਸ਼ੀ ਵਿਗਿਆਨ ਕੇਂਦਰ, ਫਾਰਮ ਸਲਾਹਕਾਰ ਸੇਵਾ ਕੇਂਦਰ, ਬਾਗਬਾਨੀ ਵਿਭਾਗ ਜ਼ਿਲ੍ਹਾ ਸੰਗਰੂਰ ਆਦਿ ਸਰਕਾਰੀ ਵਿਭਾਗਾਂ ਨਾਲ ਪੂਰਾ ਸੰਪਰਕ ਬਣਿਆ ਰਹਿੰਦਾ ਹੈ। ਬੀਜ ਉਤਪਾਦਨ ਕਰਨ ਲਈ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਦੇ ਵਿਗਿਆਨੀਆਂ ਵੱਲੋਂ ਰਵਿੰਦਰ ਸਿੰਘ ਥਿੰਦ ਨੂੰ ਪ੍ਰੇਰਿਤ ਕੀਤਾ ਗਿਆ ਜਿਸ ਦਾ ਸਦਕਾ ਅੱਜ ਰਵਿੰਦਰ ਸਿੰਘ ਥਿੰਦ ਆਪਣੇ ਇਸ ਕੰਮ ਨੂੰ ਆਪਣੇ ਜ਼ਿਲ੍ਹੇ ਸੰਗਰੂਰ ਤੋਂ ਲੈ ਕੇ ਦੇਸ਼ ਦੇ ਹੋਰ ਦੂਜੇ ਰਾਜਾਂ ਤੱਕ ਵੀ ਫੈਲਾਅ ਰਿਹਾ ਹੈ। ਰਵਿੰਦਰ ਸਿੰਘ ਥਿੰਦ ਨੇ ਕਣਕ ਅਤੇ ਝੋਨੇ ਦੇ ਘੱਟ ਬੀਜ ਦੀ ਵਰਤੋਂ ਨਾਲ ਵਧੇਰੇ ਝਾੜ ਪ੍ਰਾਪਤ ਕਰਨ ਦੀ ਤਕਨੀਕ ਨੂੰ ਵੀ ਬੜੀ ਕਾਮਯਾਬੀ ਨਾਲ ਅਪਨਾਇਆ ਹੈ । ਰਵਿੰਦਰ ਸਿੰਘ ਥਿੰਦ ਹਰ ਸਾਲ ਆਪਣੇ ਖੇਤਾਂ ਦੀ ਮਿੱਟੀ ਦੀ ਪਰਖ ਕਰਵਾਉਂਦਾ ਹੈ ਅਤੇ ਮਿੱਟੀ ਪਰਖ ਦੀ ਰਿਪੋਰਟ ਦੇ ਅਨੁਸਾਰ ਹੀ ਖਾਦਾਂ ਦੀ ਵਰਤੋਂ ਕਰਦਾ ਹੈ। ਖੇਤੀ ਤੋਂ ਇਲਾਵਾ ਰਵਿੰਦਰ ਸਿੰਘ ਥਿੰਦ ਦੇ ਕੋਲ ਤਿੰਨ ਮੱਝਾਂ ਅਤੇ ਇੱਕ ਗਾਂ ਹੈ ਅਤੇ ਦੁੱਧ ਨੂੰ ਪਿੰਡ ਵਿਚ ਹੀ ਵੇਚ ਕੇ ਵਧੀਆ ਆਮਦਨ ਲੈ ਲੈਂਦਾ ਹੈ। ਪਸ਼ੂਆਂ ਦੇ ਗੋਬਰ ਦੀ ਸੁਚੱਜੀ ਵਰਤੋਂ ਲਈ ਰਵਿੰਦਰ ਸਿੰਘ ਥਿੰਦ ਨੇ ਇਕ ਗੋਬਰ ਗੈਸ ਪਲਾਂਟ ਦੀ ਲਗਾਇਆ ਹੋਇਆ ਹੈ। ਪਸ਼ੂਆਂ ਦੇ ਚਾਰੇ ਲਈ ਰਵਿੰਦਰ ਸਿੰਘ ਥਿੰਦ ਨੇ ਬਰਸੀਮ, ਜਵੀ, ਗਿੰਨੀ ਘਾਹ, ਬਾਜਰਾ, ਮੱਕੀ ਆਦਿ ਦੀ ਕਾਸ਼ਤ ਵੀ ਕੀਤੀ ਹੋਈ ਹੈ। ਰਵਿੰਦਰ ਸਿੰਘ ਥਿੰਦ ਭਾਰਤੀ ਖੇਤੀ ਖੋਜ ਸੰਸਥਾਨ ਨਵੀਂ ਦਿੱਲੀ ਅਤੇ ਕਰਨਾਲ ਯੂਨੀਵਰਸਿਟੀ ਵਲੋਂ ਕਈ ਵਾਰ ਸਨਮਾਨਿਤ ਵੀ ਹੋ ਚੁੰਕਾ ਹੈ ਅਤੇ ਉੱਥੋਂ ਦੇ ਵਿਗਿਆਨੀਆਂ ਨਾਲ ਪੂਰਾ ਸੰਪਰਕ ਰੱਖਦਾ ਹੈ ਇਸ ਸੰਸਥਾਨ ਦੁਆਰਾ ਤਿਆਰ ਕੀਤਾ ਡੀ. ਕੰਪੋਜ਼ਰ ਵਰਤ ਕੇ ਉਹ ਖੇਤਾਂ ਦੀ ਪਰਾਲੀ ਦੀ ਬੱਚ-ਖੁੱਚ ਨੂੰ ਖੇਤਾਂ ਵਿਚ ਹੀ ਜਜ਼ਬ ਕਰਦਾ ਹੈ । ਰਵਿੰਦਰ ਸਿੰਘ ਥਿੰਦ ਨੇ ਆਪਣੇ ਫਾਰਮ ਨੂੰ ਇਕ ਤਜ਼ਰਬਾ ਖੇਤਰ ਬਣਾਇਆ ਹੋਇਆ ਹੈ ਜਿਸ ਵਿੱਚ ਉਹ ਦੂਜੇ ਕਿਸਾਨਾਂ ਨੂੰ ਬੀਜ ਉਤਪਾਦਨ ਸੰਬੰਧਤ ਜਾਣਕਾਰੀ ਦਿੰਦਾ ਰਹਿੰਦਾ ਹੈ । ਪੰਜਾਬ ਦੇ ਵੱਖ ਵੱਖ ਵਿਭਾਗਾਂ ਅਤੇ ਪੰਜਾਬੀ ਯੂਨੀਵਰਸਿਟੀ ਲੁਧਿਆਣਾ ਦੁਆਰਾ ਲਗਾਏ ਜਾਂਦੇ ਕਿਸਾਨ ਕੈਂਪਾਂ, ਮੇਲਿਆਂ ਅਤੇ ਪ੍ਰਦਰਸ਼ਨੀਆਂ ਵਿੱਚ ਵੀ ਰਵਿੰਦਰ ਸਿੰਘ ਥਿੰਦ ਬੜੇ ਉਤਸ਼ਾਹ ਨਾਲ ਹਿੱਸਾ ਲੈਂਦਾ ਹੈ । ਲਾਕਡਾਊਨ ਅਤੇ ਕਰੋਨਾ ਦੇ ਮਾੜੇ ਦੌਰ ਵਿਚ ਵੀ ਰਵਿੰਦਰ ਸਿੰਘ ਥਿੰਦ ਦਾ ਬੀਜ ਉਤਪਾਦਨ ਦਾ ਕੰਮ-ਕਾਜ ਨਿਰਵਿਘਨ ਚਲਦਾ ਰਿਹਾ ਅਤੇ ਬੀਜਾਂ ਦੀ ਵਿਕਰੀ ਕਰਨ ਵਿਚ ਵੀ ਕੋਈ ਬਹੁਤੀ ਵੱਡੀ ਮੁਸ਼ਕਿਲ ਪੇਸ਼ ਨਹੀਂ ਆਈ । ਭਵਿੱਖ ਵਿਚ ਰਵਿੰਦਰ ਸਿੰਘ ਥਿੰਦ ਠੇਕੇ ਤੇ ਹੋਰ ਵਧੇਰੇ ਜ਼ਮੀਨ ਲੈ ਕੇ ਆਪਣੇ ਬੀਜ ਉਤਪਾਦਨ ਨੂੰ ਹੋਰ ਵੱਡੇ ਟੀਚੇ ਹੇਠ ਲਿਆਵੇਗਾ ਅਤੇ ਵਧੇਰੇ ਪੈਦਾਵਾਰ ਕਰੇਗਾ। ਖੇਤੀ ਖਰਚੇ ਘਟਾਉਣ ਲਈ ਰਵਿੰਦਰ ਸਿੰਘ ਥਿੰਦ ਦੂਜੇ ਕਿਸਾਨਾਂ ਨੂੰ ਵੀ ਹਮੇਸ਼ਾ ਪ੍ਰੇਰਿਤ ਕਰਦਾ ਰਹਿੰਦਾ ਹੈ। ਰਵਿੰਦਰ ਸਿੰਘ ਥਿੰਦ ਨੇ ਕਦੇ ਵੀ ਵਿਦੇਸ਼ ਜਾਣ ਦਾ ਮਨ ਨਹੀਂ ਬਣਾਇਆ ਅਤੇ ਹਮੇਸ਼ਾਂ ਲਈ ਆਪਣੇ ਪਿੰਡ ਰਹਿ ਕੇ ਖੇਤੀ ਕਰਨ ਨੂੰ ਹੀ ਤਰਜੀਹ ਦਿੱਤੀ ਹੈ। ਆਪਣੇ ਇਸ ਕਿੱਤੇ ਵਿਚ ਉਸਦੀ ਪਤਨੀ ਅਮਨਦੀਪ ਕੌਰ ਅਤੇ ਬੇਟਾ ਅੰਬਰਬੀਤ ਸਿੰਘ ਪੂਰਾ ਸਾਧ ਦਿੰਦੇ ਹਨ । ਅਸੀਂ ਰਵਿੰਦਰ ਸਿੰਘ ਥਿੰਦ ਨੂੰ ਉਸਦੀ ਇਸ ਕਾਮਯਾਬ ਖੇਤੀ ਲਈ ਬਹੁਤ ਬਹੁਤ ਸ਼ੁਭਕਾਮਨਾਵਾਂ ਦਿੰਦੇ ਹਾਂ ਅਤੇ ਆਸ ਕਰਦੇ ਹਾਂ ਕਿ ਉਹ ਹੋਰ ਜ਼ਿਆਦਾ ਤਰੱਕੀ ਕਰੇ ਅਤੇ ਆਪਣੇ ਸੂਬੇ ਦਾ ਨਾਂ ਪੂਰੀ ਦੁਨੀਆਂ ਵਿੱਚ ਰੌਸ਼ਨ ਕਰੇ ।



ਪੇਸ਼ਕਸ਼ : ਦਿਨੇਸ਼ ਦਮਾਥੀਆ
94177-14390






## ਕਣਕ ਦੇ ਨਾੜ ਨੂੰ ਅੱਗ ਲਗਾਉਣ ਦੇ ਨੁਕਸਾਨ

- ਜ਼ਮੀਨ ਦੀ ਉਪਜਾਊ ਸ਼ਕਤੀ ਘੱਟਦੀ ਹੈ।
- ਬਹੁਤ ਸਾਰੀਆਂ ਪ੍ਰਜਾਤੀਆਂ ਦੇ ਮਿੱਤਰ ਕੀੜੇ ਮਰ ਜਾਂਦੇ ਹਨ।
- ਫਸਲਾਂ ਨੂੰ ਵੱਧ ਬਿਮਾਰੀਆਂ ਲੱਗਦੀਆਂ ਹਨ ਜਿਸਨੂੰ ਕਾਬੂ ਕਰਨ ਲਈ ਜ਼ਿਆਦਾ ਜ਼ਹਿਰਾਂ ਦਾ ਛਿੜਕਾਅ ਕਰਨਾ ਪੈਂਦਾ ਹੈ। ਇਹ ਜ਼ਹਿਰਾਂ ਵਾਤਾਵਰਨ ਨੂੰ ਹੋਰ ਵੀ ਵਧੇਰੇ ਪਲੀਤ ਕਰਦੀਆਂ ਹਨ।
- ਵਾਤਾਵਰਨ ਵਿੱਚ ਫੈਲਦਾ ਜ਼ਹਿਰੀਲਾ ਧੂੰਆਂ ਅੱਖਾਂ ਅਤੇ ਫੇਫੜਿਆਂ ਦੀਆਂ ਗੰਭੀਰ ਬਿਮਾਰੀਆਂ ਕਾਰਨ ਬਣਦਾ ਹੈ।